ਜਨਵਰੀ-2012

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ



ਮੈਂ ਕਦੋਂ ਕਹਿਨਾ, ਇਕੱਲਾ ਮੈਂ ਉਸਾਰੀ ਕਰਾਂਗਾ
ਛੇੜ ਦਿੱਤੀ ਹੈ, ਕਹਾਣੀ, ਪੁਲ ਬਣਾਈਏ ਦੋਸਤੋ







DIZONE CONSTRUCTION

We fulfill your needs

# DiZONE

## CONSTRUCTION

## WE DESIGN & BUILD

**EXPERIENCED PROFESSIONAL TEAM OF BUILDERS**

**CONSULTATION**
**PROJECT MANAGEMENT**
**DRAWING PLANS**
**CITY PLAN APPROVALS**
**DEMOLITION/ RENOVATIONS**
**ADDITIONS & EXTENSIONS**
**BASEMENT EXPANSION**
**DECKS & PATIOS**
**LANDSCAPING +**

**CUSTOM BUILT DESIGNED PROJECTS**

**COMMERCIAL, RESIDENTIAL & INDUSTRIAL**

FOR FREE CONSULTATION CALL

**SPECIALIZE IN MEDICAL OFFICES - PHARMACIES - SPAS - RETAIL OUTLETS + MORE**

# 416-833-2162

dizoneconstruction@gmail.com

www.dizoneconstruction.com

ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 6, ਜਨਵਰੀ 2012

ਸੰਪਾਦਕ ਮੰਡਲ
(ਆਨਰੇਰੀ)
ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਕੁਲਦੀਪ ਸਿੰਘ
ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**Head Office**
Pro-People Arts Project Media Group
SAROKARAN DI AWAZ
29 MAPLEVIWE AVE
BRAMPTON ONTARIO
CANADA L6R 1M2
416-902-9372
416-817-7142
416-895-4100
E-Mail : ppapmg@gmail.com
Website : www.ppapmg.com

## ਸੰਪਾਦਕੀ

# ਨਵੇਂ ਵਰ੍ਹੇ ਨਵੇਂ ਸੰਘਰਸ਼ਾਂ ਨੂੰ ਨਵੀਂ ਦਿਸ਼ਾ ਦੇਣ ਦੀ ਲੋੜ

ਸਮਾਂ ਆਪਣੀ ਤੋਰ ਤੁਰਦਾ ਰਹਿੰਦਾ ਹੈ। ਪ੍ਰੰਤੂ ਬੀਤੇ ਸਮੇਂ ਦੀ ਨਿਰਖ-ਪਰਖ ਕਰਨ ਨਾਲ ਨਵੀਂ ਦਿਸ਼ਾ ਵਾਸਤੇ ਨਵੇਂ ਰਸਤੇ ਆਪਣਾ ਨਵਾਂ ਰਾਹ ਤਲਾਸ਼ਣ ਲਈ ਹਮੇਸ਼ਾ ਪ੍ਰੇਰਦੇ ਰਹਿੰਦੇ ਨੇ। ਬੀਤੇ ਵਰ੍ਹੇ ਨੇ ਕਈ ਪੱਖਾਂ ਤੋਂ ਪੂੰਜੀ ਦੇ ਗੜ੍ਹਾਂ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ। ਉਸ ਦੇ ਚਲਣ ਢੰਗ ’ਤੇ ਕਈ ਕਿਸਮ ਦੇ ਸਵਾਲੀਆ ਚਿੰਨ੍ਹ ਅੰਕਿਤ ਕਰ ਦਿੱਤੇ। ਜਿਨ੍ਹਾਂ ਨੇ ਸਮੇਂ ਦੀਆਂ ਹਕੂਮਤਾਂ ਨੂੰ ਵੀ ਅਸਥਿਰ ਕਰੀ ਰੱਖਿਆ ਕਿ ਜੇ ਤੁਸੀਂ ਸਾਨੂੰ ਅਸਥਿਰ ਜੀਵਨ ਦਿਉਂਗੇ ਤਾਂ ਅਸੀਂ ਵੀ ਤੁਹਾਨੂੰ ਸਥਿਰ ਰੂਪ ਵਿਚ ਜਿਉਣ ਨਹੀਂ ਦੇਵਾਂਗੇ। ਇਹ ਆਵਾਜ਼ ਦੁਨੀਆ ਦੇ ਕਹਿੰਦੇ ਕਹਾਉਂਦੇ ਮੁਲਕਾਂ ਵਿਚ ਵਾਲ ਸਟਰੀਟ ਸੰਘਰਸ਼ਾਂ ਦੇ ਰੂਪ ਵਿਚ ਉਠੀ ਜਿਸ ਨੇ ਹਾਲਾਂਕਿ ਕਿਸੇ ਕਿਸਮ ਦੀ ਰਾਜਨੀਤਕ ਪ੍ਰਾਪਤੀ ਨਹੀਂ ਕੀਤੀ ਬਲਕਿ ਇਹ ਸਵਾਲ ਜ਼ਰੂਰ ਖੜ੍ਹਾ ਕਰ ਦਿੱਤਾ ਕਿ 99 ਪ੍ਰਤੀਸ਼ਤ ਕਿਰਤ ਕਰਕੇ ਉਸਾਰਨ ਵਾਲਿਆਂ ਕੋਲ ਆਪਣੀ ਜੀਵਨ ਜਾਚ ਵਾਸਤੇ ਬਹੁਤ ਘੱਟ ਸਹੂਲਤਾਂ ਹਨ। ਜਿਨ੍ਹਾਂ ਵਿਚ ਨੌਕਰੀ ਤੋਂ ਲੈ ਕੇ ਰੈਣ ਬਸੇਰਾ ਸ਼ਾਮਲ ਹੈ। ਇਸ ਕਿਸਮ ਦੀ ਲੜਾਈ ਵਿਚ ਹਾਲਾਂਕਿ ਮੋਢੀ ਰੋਲ ਜਮਾਤੀ ਕਤਾਰਬੰਦੀ ਵਿਚ ਉਂਝ ਦੀ ਹੀ ਉਸਾਰੀ ਹੋਈ ਮੱਧ ਵਰਗ ਜਮਾਤ ਨੂੰ ਸਥਾਪਤ ਕੀਤਾ ਗਿਆ। ਜਿਸ ਦੀ ਲੜਾਈ ਲੰਬਾ ਸਮਾਂ ਨਹੀਂ ਚਲ ਸਕਦੀ। ਹਾਲਾਂਕਿ ਤੱਤ ਰੂਪ ਵਿਚ ਇਹ ਮੱਧ ਵਰਗ ਹੁਣ ਮਜ਼ਦੂਰ ਜਮਾਤ ਵਿਚ ਹੀ ਬਦਲ ਰਿਹਾ ਹੈ ਇਸ ਨੂੰ ਨਵੇਂ ਵਰ੍ਹੇ ਇਹ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਤਾਂ ਹੀ ਮੁਕਤੀ ਹਾਸਲ ਕਰ ਸਕਦੇ ਹਾਂ ਜੇ ਆਪਣੇ ਆਪ ਨੂੰ ਮਜ਼ਦੂਰ ਜਮਾਤ ਦਾ ਹਿੱਸਾ ਸਮਝੀਏ ਅਤੇ ਉਸ ਦੇ ਵਿਚਾਰਾਂ ਨੂੰ ਆਪਣੇ ਵਿਚ ਸੁਮੱਲਿਤ ਕਰੀਏ ਅਤੇ ਜਮਾਤੀ ਸੰਘਰਸ਼ਾਂ ਨੂੰ ਸਹੀ ਰੂਪ ਵਿਚ ਵਿਕਸਿਤ ਕਰਨ ਵਿਚ ਆਪਣਾ ਇਤਿਹਾਸਕ ਯੋਗਦਾਨ ਪਾਈਏ ਨਹੀਂ ਤਾਂ ਇਸ ਕਿਸਮ ਦੇ ਸੰਘਰਸ਼ ਜਿਹੜੇ ਕਦੀ ਨਵੇਂ ਸੰਸਾਰ ਦੀ ਲੋੜ ਹੈ, ਵਾਤਾਵਰਣ ਦੀ ਰੱਖਿਆ ਦਾ ਸਵਾਲ ਹੈ, ਸਾਨੂੰ ਜੰਗ ਨਹੀਂ ਸ਼ਾਂਤੀ ਚਾਹੀਦੀ ਹੈ, ਸਾਨੂੰ ਇਸ ਪ੍ਰਬੰਧ ਵਿਚ ਹੀ ਕੁਝ ਹੋਰ ਰਿਆਇਤਾਂ ਅਤੇ ਸਹੂਲਤਾਂ ਚਾਹੀਦੀਆਂ ਹਨ। ਇਨ੍ਹਾਂ ਸੰਘਰਸ਼ਾਂ ਦੀਆਂ ਘੁੰਮਣ ਘੇਰੀਆਂ ਵਿਚ ਹੀ ਉਲਝੇ ਰਹਾਂਗੇ।

ਸੋ ਨਵੇਂ ਵਰ੍ਹੇ ਸੰਘਰਸ਼ਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੀ ਲੋੜ ਹੈ ਜਿਸ ਵਿਚ ਇਕ ਅਜਿਹੇ ਬਦਲਵੇਂ ਪ੍ਰਬੰਧ ਦਾ ਨਕਸ਼ਾ ਹੋਵੇ ਜਿਸ ਵਿਚ ਲੋਕਾਂ ਦੀ ਤਾਕਤ ਰਾਹੀਂ ਹਰ ਕਿਸਮ ਦੇ ਸਰਮਾਏ ’ਤੇ ਉਨ੍ਹਾਂ ਦੀ ਪ੍ਰਭੂ ਸੱਤਾ ਕਾਇਮ ਰਹੇ। ਇਸੇ ਕਰਕੇ ਤਾਂ ਆਧੁਨਿਕ ਸਮਿਆਂ ਦੇ ਪ੍ਰਸਿੱਧ ਮਾਰਕਸਵਾਦੀ ਚਿੰਤਕ ਪ੍ਰੋ. ਰਣਧੀਰ ਸਿੰਘ ਹੋਰਾਂ ਦੀ ਧਾਰਨਾ ਹੈ ਕਿ ਜੇ ਪ੍ਰਬੰਧਕੀ ਤਾਣੇ-ਬਾਣੇ ਦੇ ਚਲਣ ਢੰਗ ਜਿਸ ਵਿਚ ਪੂੰਜੀ ਦਾ ਤਰਕ ਸ਼ਾਮਲ ਹੈ ਉਸ ਖਿਲਾਫ਼ ਅਸੀਂ ਸਹੀ ਸਮਝਦਾਰੀ ਵਾਲੀ ਰਾਜਨੀਤਕ ਲੜਾਈ ਨਾ ਲੜੀ ਤਾਂ ਲੋਕ ਗਲਤ ਲੜਾਈਆਂ ਲੜਦੇ ਰਹਿਣਗੇ ਜੋ ਅੱਜ ਇਲਾਕਿਆ, ਧਰਮਾਂ, ਜਾਤਾਂ ਅਤੇ ਰਾਸ਼ਟਰਵਾਦ ਦੇ ਨਾਂ ’ਤੇ ਲੜੀਆਂ ਜਾ ਰਹੀਆਂ ਹਨ। ਇਸ ਤੋਂ ਵੀ ਵੱਧ ਕੇ ਉਤਰ ਆਧੁਨਿਕਤਾਵਾਦ ਦਾ ਦੌਰ ਕਹਿ ਕੇ ਜਮਾਤੀ ਲੜਾਈਆਂ ਨੂੰ ਖੁੰਡਾ ਕਰਨ ਲਈ ਨਾਰੀ ਚੇਤਨਾ, ਦਲਿਤ ਚੇਤਨਾ, ਘੱਟ ਗਿਣਤੀ ਚੇਤਨਾ, ਭ੍ਰਿਸ਼ਟਾਚਾਰ ਫਰੀ ਸਮਾਜ ਆਦਿ ਲੜਾਈਆਂ ਜਿਹੜੀਆਂ ਕਿ ਸਿਸਟਮ ਲਈ ਕੋਈ ਖਤਰਾ ਨਹੀਂ ਹਰੇਕ ਥਾਂ ਲੜੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਨਵੇਂ ਵਰ੍ਹੇ ਸਹੀ ਦ੍ਰਿਸ਼ਟੀਕੋਣ ਤੋਂ ਸਹੀ ਦਿਸ਼ਾ ਵੱਲ ਵਿਕਸਿਤ ਕਰਨਾ ਨਵੇਂ ਵਰ੍ਹੇ ਦਾ ਅਹਿਮ ਕਾਰਜ ਹੈ। ਅਜੇ ਵੀ ਸਾਡੇ ਕੋਲ ਬੜਾ ਸ਼ਾਨਦਾਰ ਲੜਾਕੂ ਇਤਿਹਾਸ ਪਿਆ ਹੈ ਅਤੇ ਇਨ੍ਹਾਂ ਨੂੰ ਸਹੀ ਢੰਗ ਨਾਲ ਆਵਾਜ਼ ਦੇਣਾ ਸਾਡੀ ਇਤਿਹਾਸਕ ਡਿਊਟੀ ਹੈ। ਇਸ ਕਾਰਜ ਲਈ ਸਰੋਕਾਰਾਂ ਦੀ ਆਵਾਜ਼ ਆਪਣਾ ਫਰਜ਼ ਨਿਭਾਉਂਦੀ ਰਹੇਗੀ।

- ਹਰਬੰਸ ਸਿੰਘ

# ਸੰਘਰਸ਼, ਸੱਤਾ ਤੇ ਪੰਜਾਬ ਦੀ ਰਾਜਨੀਤੀ

***ਜਿਸ ਕਿਸਮ ਨਾਲ ਰਾਜਨੀਤੀ ਕਾਰਪੋਰੇਟ ਘਰਾਣਿਆਂ ਦੀ ਭਾਗੀਦਾਰ ਬਣ ਗਈ ਹੈ ਇਸ ਨਾਲ ਲਗਾਤਾਰ ਲੋਕਾਂ ਦੇ ਸਰੋਕਾਰ ਪਰੇ ਹੁੰਦੇ ਜਾ ਰਹੇ ਹਨ। ਕੋਈ ਵੀ ਪਲ, ਦਿਨ ਸੰਘਰਸ਼ਾਂ ਤੋਂ ਬਿਨਾਂ ਨਹੀਂ ਗੁਜਰਦਾ ਅੱਕੇ ਹੋਏ ਲੋਕ ਆਪੋ ਆਪਣੇ ਢੰਗਾਂ ਨਾਲ ਸੰਘਰਸ਼ਾਂ ਦੇ ਰਸਤੇ ਪਏ ਹੋਏ ਹਨ। ਇਨ੍ਹਾਂ ਨੂੰ ਸਹੀ ਆਵਾਜ਼ ਦੇਣਾ ਬੌਧਿਕ ਅਤੇ ਚਿੰਤਨਸ਼ੀਲ ਲੋਕਾਂ ਦੀ ਜ਼ਿੰਮੇਵਾਰੀ ਹੈ।***



ਪੰਜਾਬ ਦੀ ਅਜੋਕੀ ਰਾਜਨੀਤੀ ਦੇ ਵੱਖ ਵੱਖ ਪਹਿਲੂਆਂ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਸੰਬੋਧਤ ਹੋਇਆ ਜਾ ਰਿਹਾ ਹੈ। ਸਥਾਪਤ ਮੀਡੀਆ ਅਤੇ ਹਕੂਮਤੀ ਰਾਜਨੀਤੀ ਦੇ ਸਮੀਕਰਨਾਂ ਨੂੰ ਪੜਚੋਲਨ ਵਾਲੇ ਵੱਖ ਵੱਖ ਵਿਸ਼ਲੇਸ਼ਕ ਇਸ ਗੱਲ 'ਤੇ ਆਪਣੀ ਕਲਮ ਚਲਾ ਰਹੇ ਹਨ ਕਿ ਕੌਣ ਕਿਸ ਰੂਪ ਵਿਚ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਵੇਗਾ।ਇਸ ਦ੍ਰਿਸ਼ਟੀਕੋਣ ਤਹਿਤ ਪੰਜਾਬ ਦੀ ਰਾਜਨੀਤੀ ਦੀ ਪਰਖ ਪੜਚੋਲ ਵਿਚ ਧਰਮਾਂ, ਜਾਤਾਂ, ਇਲਾਕਿਆਂ ਅਤੇ ਸਾਧਾਂ ਸੰਤਾਂ ਦੀ ਤਾਕਤ ਨੂੰ ਸ਼ਾਮਲ ਕਰਕੇ ਨਿਰਣੈ ਕੀਤੇ ਜਾ ਰਹੇ ਹਨ ਕਿ ਪੰਜਾਬ ਵਿਚ ਦੋਵੇਂ ਸੱਤਾਧਾਰੀ ਪਾਰਟੀਆਂ ਜਿਨ੍ਹਾਂ ਵਿਚੋਂ ਕਿਹੜੀ ਪਾਰਟੀ ਕਿਹੜੇ ਇਲਾਕੇ ਵਿਚੋਂ ਬਹੁਮਤ ਹਾਸਲ ਕਰਕੇ ਆਏਗੀ। ਜਿਸ ਕਿਸਮ ਨਾਲ ਪੰਜਾਬ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਉਸ ਵਿਚ ਬਹੁਤ ਅਜਿਹੇ ਪਹਿਲੂ ਲੋਕਾਏ ਜਾਂ ਛੁਪਾਏ ਜਾ ਰਹੇ ਹਨ ਜੋ ਪੰਜਾਬ ਦੀ ਲੋਕਾਂ ਦੇ ਜੀਵਨ ਪੱਧਰ ਅਤੇ ਤਰਾਸ਼ਦੀਆਂ ਨਾਲ ਜੁੜੇ ਹੋਏ ਹਨ। ਪੰਜਾਬ ਦੀ ਅਜੋਕੀ ਰਾਜਨੀਤੀ ਦੀ ਸਭ ਤੋਂ ਵੱਡੀ ਤਰਾਸ਼ਦੀ ਇਹ ਹੈ ਕਿ ਲੋਕਾਂ ਦੇ ਮਸਲਿਆਂ ਅਤੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਕੋਈ ਵੀ ਧਿਰ ਜਾਂ ਹਿੱਸਾ ਇਸ ਕਿਸਮ ਨਾਲ ਦਖ਼ਲ-ਅੰਦਾਜ਼ੀ ਨਹੀਂ ਕਰ ਰਿਹਾ ਜਿਸ ਨਾਲ ਕੋਈ ਲੋਕ ਪੱਖੀ ਬਦਲ ਪੰਜਾਬ ਦੀ ਰਾਜਨੀਤੀ ਵਿਚ ਆਪਣਾ ਸਥਾਨ ਪ੍ਰਾਪਤ ਕਰ ਸਕੇ। ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ।

ਪੰਜਾਬ ਦੇ ਸਮੁੱਚੇ ਪਿਛਲੇ ਦ੍ਰਿਸ਼ ਨੂੰ ਦੇਖਿਆ ਜਾਏ ਤਾਂ ਇਹ ਗੱਲ ਸਪਸ਼ਟ ਦਿਖਾਈ ਦਿੰਦੀ ਹੈ ਕਿ ਲੋਕ ਲਗਾਤਾਰ ਪਿਛਲੇ ਦੋ ਦਹਾਕਿਆਂ ਤੋਂ ਆਪੋ ਆਪਣੇ ਢੰਗਾਂ ਨਾਲ ਲੜਾਈਆਂ ਲੜ ਰਹੇ ਹਨ। ਕਿਸਾਨਾਂ ਦੀਆਂ ਲੜਾਈਆਂ ਤਾਂ ਹੱਦ ਤੱਕ ਚਲੀਆਂ ਕਿ ਉਨ੍ਹਾਂ ਨੇ ਜਾਨ ਹਲੂਣਵੀ ਸੰਘਰਸ਼ ਪੰਜਾਬ ਵਿਚ ਚਲਾਏ ਜਿਨ੍ਹਾਂ ਕਰਕੇ ਬੇਤਹਾਸ਼ਾ ਜਬਰ ਜੁਲਮ ਸਮੇਂ ਦੀ ਹਕੂਮਤ ਤੋਂ ਝਲਣਾ ਪਿਆ।ਇਨ੍ਹਾਂ ਸੰਘਰਸ਼ਾਂ ਦੀ ਲੀਡਰਸ਼ਿਪ ਨੇ ਭਲਾਂ ਆਪਣੇ ਸੰਘਰਸ਼ਾਂ ਨੂੰ ਆਪਣੀਆਂ ਕੀਮਤਾਂ ਦੇ ਮੁੱਲ, ਜ਼ਮੀਨਾਂ ਦੀ ਰੱਖਿਆ ਅਤੇ ਮਿਲੇ ਹੱਕਾਂ ਨੂੰ ਬਹਾਲ ਕਰਨ ਤੱਕ ਹੀ ਸਨ ਪ੍ਰੰਤੂ ਹਕੂਮਤ ਇਨ੍ਹਾਂ ਨੂੰ ਹਮੇਸ਼ਾ ਰਾਜਨੀਤਕ ਸੰਘਰਸ਼ ਹੀ ਗਰਦਾਨਦੀ ਰਹੀ ਹੈ। ਇਨ੍ਹਾਂ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਆਗੂ ਕਿਸੇ ਨਾ ਕਿਸੇ ਰਾਜਨੀਤਕ ਦ੍ਰਿਸ਼ਟੀਕੋਣ ਦਾ ਭਵਿੱਖ ਨਕਸ਼ਾ ਗਦਰੀਆਂ ਦੀ ਵਿਰਾਸਤ, ਭਗਤ ਸਿੰਘ ਦੇ ਸੁਪਨੇ, ਦੁਨੀਆ ਵਿਚ ਹੋਏ ਇਨਕਲਾਬਾਂ ਅਤੇ ਸੰਘਰਸ਼ਾਂ ਨੂੰ ਆਪਣਾ ਹਿੱਸਾ ਮੰਨਦੇ ਰਹੇ ਹਨ ਉਨ੍ਹਾਂ ਦੀ ਵਕਾਲਤ ਵੀ ਕਰਦੇ ਰਹੇ ਹਨ। ਪ੍ਰੰਤੂ ਇਨ੍ਹਾਂ ਸੰਘਰਸ਼ਾਂ ਨੂੰ ਉਹ ਜਿਸ ਕਿਸਮ ਨਾਲ ਦੁਨੀਆ ਦੇ ਸੰਘਰਸ਼ਾਂ ਵਿਚ ਰਾਜਨੀਤਕ ਸਮਝਦਾਰੀ ਅਤੇ ਆਵਾਜ਼ ਪ੍ਰਦਾਨ ਕੀਤੀ ਜਾਂਦੀ ਹੈ ਉਹ ਸ਼ਕਤੀ ਦੇਣ ਤੋਂ ਇਹ ਸੰਘਰਸ਼ ਕੋਹਾਂ ਪਰ੍ਹੇ ਹਨ। ਇਨ੍ਹਾਂ ਸੰਘਰਸ਼ਾਂ ਦਾ ਫਾਇਦਾ ਇਕ ਜਾਂ ਦੂਸਰੀ ਸਥਾਪਤੀ ਵਾਲੀ ਰਾਜਨੀਤਕ ਪਾਰਟੀ ਨੂੰ ਹੀ ਹੋਇਆ ਹੈ ਜੋ ਸੱਤਾ ਵਿਚ ਨੇ ਉਨ੍ਹਾਂ ਦੇ ਖਿਲਾਫ਼ ਸੱਤਾ ਵਿਚ ਆਉਣ ਵਾਲੀ ਪਾਰਟੀ ਇਨ੍ਹਾਂ ਸੰਘਰਸ਼ਾਂ ਦੇ ਪੱਖ ਵਿਚ ਹਾਂ ਦਾ ਨਾਂਅਰਾ ਮਾਰਦੀ ਰਹੀ ਹੈ ਅਤੇ ਲੋਕਾਂ ਨੂੰ ਕਹਿੰਦੀ ਰਹੀ ਹੈ ਕਿ ਸਰਕਾਰ ਕਿੰਨੀ ਜਾਲਮ ਹੈ ਇਸ ਨੂੰ ਬਦਲਣਾ ਚਾਹੀਦਾ ਹੈ। ਹਾਲਾਂਕਿ ਪਹਿਲਾਂ ਪੰਜ ਸਾਲ ਉਨ੍ਹਾਂ ਨੇ ਵੀ ਉਸੇ ਤਰ੍ਹਾਂ ਹੀ ਲੋਕਾਂ ਨੂੰ ਲੁਟਿਆ ਅਤੇ ਕੁੱਟਿਆ ਹੈ।ਇਸ ਕੜੀ ਵਿਚ ਹੀ ਪੰਜਾਬ ਅੰਦਰ ਦੋ ਵਰਗ ਜਿਹੜੇ ਵਿਸ਼ੇਸ਼ ਕਰਕੇ ਅਧਿਆਪਨ ਕਿੱਤੇ ਅਤੇ ਤਕਨੀਕੀ ਕਾਮਿਆਂ ਨਾਲ ਸੰਬੰਧਤ ਸਨ ਉਨ੍ਹਾਂ ਨੇ ਵੀ ਜਾਨ ਹਲੂਣਵੇਂ ਸੰਘਰਸ਼ ਲੜੇ। ਅਧਿਆਪਕਾਂ ਨੇ ਤਾਂ ਆਪਣੀ ਜਾਨ ਦੀ ਬਾਜ਼ੀ ਤੱਕ ਖੇਡ ਕੇ ਆਪਣੀਆਂ ਸੀਮਤ ਆਰਥਿਕ ਮੰਗਾਂ ਦੀ ਪੂਰਤੀ ਕਰਵਾਈ। ਇਹ ਸੰਘਰਸ਼ ਪਿਛਲੇ ਸਮੇਂ ਦੌਰਾਨ ਵੀ ਲੜੇ ਗਏ ਸਨ। ਇਨ੍ਹਾਂ ਨੇ ਸੱਤਾ 'ਤੇ ਬੈਠੀ ਪਾਰਟੀ ਲਈ ਵੱਡੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਸਨ ਅਤੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਵਿਚ ਬੜਾ ਵੱਡਾ ਯੋਗਦਾਨ ਪਾਇਆ ਸੀ। ਹੁਣ ਫਿਰ ਇਸ ਵਾਰ ਜਿਸ ਕਿਸਮ ਨਾਲ ਸੱਤਾ 'ਤੇ ਕਾਬਜ਼ ਪਾਰਟੀ ਦੇ ਖਿਲਾਫ਼ ਇਨ੍ਹਾਂ ਨੇ ਸੰਘਰਸ਼ ਲੜੇ ਰਹੇ ਹਨ ਉਨ੍ਹਾਂ

***ਸਦੀਆਂ ਬੀਤ ਗਈਆਂ ਸਾਨੂੰ ਸਾਡੇ ਰਹਿਬਰਾਂ ਨੇ ਸੰਘਰਸ਼ਾਂ ਦਾ ਦਿਖਾਇਆ ਸੀ ਅੱਜ ਅਸੀਂ ਪੂੰਜੀ ਦੇ ਅੱਕੇ ਹੋਏ ਕਿਸ ਰਸਤੇ 'ਤੇ ਅੱਗੇ ਵਧਾਂਗੇ। ਸਾਡੇ ਇਤਿਹਾਸ ਨੂੰ ਜ਼ਰੂਰ ਯਾਦ ਰੱਖਿਓ***



ਦਾ ਫਲ ਸੱਤਾ 'ਤੇ ਆਓਣ ਵਾਲੀ ਪਾਰਟੀ ਨੂੰ ਮਿਲੇਗਾ। ਕੌਣ ਸੱਤਾ 'ਤੇ ਆਉਂਦਾ ਹੈ, ਕੌਣ ਬਦਲਦਾ ਹੈ ਪ੍ਰੰਤੂ ਨੀਤੀਆਂ ਪੂੰਜੀਵਾਦ ਦੇ ਪੱਖ ਵਾਲੀਆਂ ਹੀ ਹਨ। ਲੋਕ ਉਜਾੜਾ ਲਗਾਤਾਰ ਘਟਣ ਦੀ ਥਾਂ ਵਧਦਾ ਤੁਰਿਆ ਜਾ ਰਿਹਾ ਹੈ। ਸੱਤਾ 'ਤੇ ਕਾਬਜ਼ ਪਾਰਟੀ ਅਜੋਕੇ ਵਿਕਾਸ ਮਾਡਲ ਨੂੰ ਜਿਸ ਵਿਚ ਸੋਹਣੀਆਂ ਸੜਕਾਂ ਜੋ ਕਾਰਪੋਰੇਟ ਘਰਾਨਿਆਂ ਨੇ ਬਣਾਈਆਂ ਨੇ, ਦੁਨੀਆ ਭਰ ਦੇ ਵੱਡੇ ਅਮੀਰਾਂ ਵਲੋਂ ਖੋਲ੍ਹੇ ਗਏ ਵੱਡੇ ਵੱਡੇ ਮਾਲ, ਕੌਡੀਆਂ ਦੇ ਭਾਅ ਜ਼ਮੀਨਾਂ ਖਰੀਦ ਕੇ ਰੀਅਲ ਅਸਟੇਟ ਵਿਚ ਬਦਲਣਾ, ਸਿੱਖਿਆ ਨੂੰ ਸਭ ਤੋਂ ਵੱਡਾ ਸਰਮਾਏ ਦਾ ਅਖਾੜਾ ਬਣਾਉਣ ਲਈ ਨੀਤੀਆਂ ਨੂੰ ਤਬਦੀਲ ਕਰਨਾ, ਰੁਜ਼ਗਾਰ ਦੇ ਮੌਕੇ ਲਗਾਤਾਰ ਘਟਾਉਣਾ, ਲੋਕ ਸਹੂਲਤਾਂ ਵਲੋਂ ਮੂੰਹ ਮੋੜਨਾ, ਸੰਘਰਸ਼ਾਂ ਨੂੰ ਕੁਚਲਣ ਲਈ ਕਾਲੇ ਕਾਨੂੰਨਾਂ ਨੂੰ ਹੋਰ ਤਾਕਤਵਰ ਕਰਨਾ, ਖਪਤੀ ਮੰਡੀ ਵਾਲਾ ਪੰਜਾਬ ਸਥਾਪਤ ਕਰਨਾ ਇਹ ਸਭ ਕੁਝ ਹੁਣ ਵਾਲੀ ਸੱਤਾ ਵਿਚ ਬੈਠੀ ਪਾਰਟੀ ਨੇ ਕੀਤਾ ਹੈ ਇਸ ਨੂੰ ਆਪਣੀ ਪ੍ਰਾਪਤ ਸਮਝਦੇ ਹਨ।ਸੱਤਾ ਦੇ ਨੇੜੇ ਪਹੁੰਚਣ ਵਾਲੀ ਦੂਸਰੀ ਪਾਰਟੀ ਵੀ ਇਸੇ ਰਸਤੇ ਨੂੰ ਆਪਣਾ ਰਸਤਾ ਸਮਝ ਰਹੀ ਹੈ।ਦੋਵਾਂ ਧਿਰਾਂ 'ਚੋਂ ਕੋਈ ਵੀ ਭ੍ਰਿਸ਼ਟਾਚਾਰ ਨੂੰ ਪਰ੍ਹੇ ਨਹੀਂ ਛੱਡ ਰਿਹਾ। ਹਰ ਕੋਈ ਕਹਿ ਰਿਹਾ ਹੈ ਕਿ ਮੇਰੀ ਪਾਰਟੀ ਭ੍ਰਿਸ਼ਟ ਨਹੀਂ ਦੂਸਰੇ ਦੀ ਪਾਰਟੀ ਭ੍ਰਿਸ਼ਟ ਹੈ।ਇੰਝ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਪੰਜਾਬ ਦੀ ਰਾਜਨੀਤੀ ਵਿਚ ਕੋਈ ਵੀ ਨਵਾਂ ਬਦਲ ਆਉਣ ਵਾਲਾ ਨਹੀਂ ਹੈ।ਸੰਘਰਸ਼ਸ਼ੀਲ ਲੋਕਾਂ ਨੂੰ ਆਪਣੇ ਸਿਰੜ ਤੇ ਮਾਣ ਹੋਣ ਚਾਹੀਦਾ ਹੈ ਉਨ੍ਹਾਂ ਨੇ ਲੜਾਕੂ ਸੰਘਰਸ਼ਾਂ ਦੇ ਇਤਿਹਾਸ ਨੂੰ ਵਾਰ ਵਾਰ ਪੰਜਾਬ ਦੀ ਧਰਤੀ 'ਤੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਹੜਾ ਉਨ੍ਹਾਂ ਨੂੰ ਵਿਰਸੇ ਵਿਚੋਂ ਮਿਲਿਆ ਹੈ ਕਦੀ ਗਦਰੀਆਂ ਨੇ ਲੜਕੇ ਸਥਾਪਤ ਕੀਤਾ, ਕਦੇ ਭਗਤ ਸਿੰਘ ਹੋਰਾਂ ਨੇ ਲੜਕੇ ਸਥਾਪਤ ਕੀਤਾ, ਕਦੇ 1967 ਵਿਚ ਕਿਸਾਨ ਬਗਾਵਤ ਨੇ ਸਥਾਪਤ ਕੀਤਾ ਅਤੇ ਕਦੀ ਪਿਛਲੇ ਸਮਿਆਂ 'ਚ ਪੂੰਜੀਵਾਦ ਦੇ ਸਵਾਲ ਨੇ ਉਜਾੜੇ ਲੋਕਾਂ ਨੂੰ ਸੰਘਰਸ਼ ਤੋਂ ਬਿਨਾ ਕੋਈ ਰਸਤਾ ਨਹੀਂ ਛੱਡਿਆ। ਬਲ ਨੂੰ ਵਿਕਸਿਤ ਕਰਨ ਤੋਂ ਬਿਨਾਂ ਕਿਸੇ ਹੋਰ ਦਿਸ਼ਾ ਵੱਲੀ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਇਸ ਕਿਸਮ ਦੇ ਸ਼ਾਨਦਾਰ ਲੜਾਕੂ ਸਰਮਾਏ ਨੂੰ ਜਿਹੜੇ ਰਾਜਨੀਤਕ ਆਵਾਜ਼ ਮਿਲਣੀ ਚਾਹੀਦੀ ਸੀ ਜਾਂ ਹਾਸਲ ਕਰਨੀ ਚਾਹੀਦੀ ਸੀ ਉਹ ਆਵਾਜ਼ ਅਜੇ ਤੱਕ ਨਾ ਕੀਤੀ ਜਾ ਸ ਕਦੀ ਹੈ ਅਤੇ ਨਾ ਹੀ ਉਸ ਵੱਲ ਕੋਈ ਕਦਮ ਪੁੱਟਿਆ ਗਿਆ ਹੈ ਕਿਉਂਕਿ ਅਜੇ ਤਾਂ ਸੋਚ ਦਾ ਪੱਧਰ ਸੰਘਰਸ਼ਾਂ ਤੱਕ ਹੀ ਸੀਮਤ ਹੈ। ਇਹ ਸਵਾਲ ਅਜੇ ਸਮਝਦਾਰੀ ਦਾ ਹਿੱਸਾ ਨਹੀਂ ਬਣਿਆ ਕਿ ਅਜੋਕੇ ਆਰਥਿਕ ਸੰਕਟ ਦੇ ਬਦਲਦੇ ਰੂਪ ਵਿਚ ਕਿਸ ਕਿਸਮ ਦਾ ਕੋਆਪ੍ਰੇਟਿਵ ਕਿਸਮ ਦਾ ਕਿਸਾਨੀ ਮਾਡਲ ਪੰਜਾਬ ਵਿਚ ਸਥਾਪਤ ਕੀਤਾ ਜਾਵੇ। ਕਿਸ ਕਿਸਮ ਦੀ ਸਨਅਤ ਵਿਕਸਿਤ ਕੀਤੀ ਜਾਵੇ ਜਿਹੜੀ ਮੰਡੀ ਵਾਸਤੇ ਨਾ ਹੋਵੇ ਬਲਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਾਸਤੇ ਹੋਵੇ।ਕਿਸ ਕਿਸਮ ਦਾ ਸਭਿਆਚਾਰ ਵਿਕਸਿਤ ਕੀਤਾ ਜਾਵੇ ਜੋ ਖਪਤੀ ਮੰਡੀ ਦੀ ਸਥਾਪਤੀ ਦਾ ਅੰਗ ਨਾ ਹੋਵੇ ਬਲਕਿ ਲੋਕਾਂ ਦੀ ਜੀਵਨ ਜਾਚ ਅਤੇ ਸ਼ਾਨਦਾਰ ਸੋਚਣੀ ਦਾ ਹਿੱਸਾ ਹੋਵੇ। ਕਿਸ ਕਿਸਮ ਦਾ ਸਿੱਖਿਆ ਪ੍ਰਬੰਧ ਸਥਾਪਤ ਕੀਤਾ ਜਾਵੇ ਜਿਸ ਵਿਚ ਜਮਾਤੀ ਅਤੇ ਆਰਥਿਕ ਪਾੜਿਆਂ ਦੀ ਥਾਂ ਸਮੂਹਿਕ ਰੂਪ ਵਿਚ ਲੋਕ ਪੱਖੀ ਸਿੱਖਿਆ ਹਰ ਇਕ ਲਈ ਮਿਲਣ ਦਾ ਸਵਾਧਾਨ ਹੋਵੇ। ਕਿਸ ਕਿਸਮ ਨਾਲ ਰਾਜਨੀਤੀ ਨੂੰ ਕੇਂਦਰ ਵਿਚ ਰੱਖ ਕੇ ਉਪਰਲੇ ਸਵਾਲਾਂ ਨੂੰ ਲੋਕਾਂ ਵਿਚ ਪ੍ਰਚਾਰਿਆ ਅਤੇ ਪ੍ਰਸਾਰਿਆ ਜਾਵੇ ਇਸ ਕਾਰਜ ਦੀ ਪੂਰਤੀ ਲਈ ਵੱਖ ਵੱਖ ਵਰਗਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਸਹੀ ਤੌਰ 'ਤੇ ਲੰਬੀ ਲੜਾਈ ਵੱਲ ਨੂੰ ਵਿਕਸਿਤ ਕੀਤਾ ਜਾਵੇ ਨਾ ਕਿ ਸਿਰਫ਼ ਆਰਥਿਕ ਤੌਰ 'ਤੇ ਬੜੀਆਂ ਸੀਮਤ ਜਿਹੀਆਂ ਮੰਗਾਂ ਦੀ ਪੂਰਤੀ ਤੱਕ ਹੀ ਸੰਘੇੜਿਆ ਜਾਵੇ। ਇਸ ਲਈ ਜ਼ਰੂਰੀ ਇਹ ਹੈ ਕਿ ਅਜੋਕੇ ਪੰਜਾਬ ਦੇ ਰਾਜਨੀਤਕ ਮਾਹੌਲ ਵਿਚ ਇਕ ਇਸ ਕਿਸਮ ਦਾ ਪੰਜਾਬ ਮੈਨੀਫੈਸਟੋ ਤਿਆਰ ਕੀਤਾ ਜਾਵੇ ਜਿਸ ਵਿਚ ਵੱਖ ਵੱਖ ਖੇਤਰਾਂ ਦੇ ਮਾਹਿਰ ਅਤੇ ਲੋਕ ਪੱਖੀ ਚੇਤਨ ਹਿੱਸੇ ਸ਼ਾਮਲ ਹੋਣ ਜਿਹੜੇ ਭਲਾਂ ਕੋਈ ਵੱਡੀ ਤਬਦੀਲੀ ਨਹੀਂ ਕਰ ਸਕਣਗੇ ਪ੍ਰੰਤੂ ਸਹੀ ਕਿਸਮ ਨਾਲ ਰਾਜਨੀਤੀ ਦੇ ਸਵਾਲਾਂ ਨੂੰ ਸੰਬੋਧਤ ਹੋ ਸਕਣਗੇ। ਅਜੇ ਤਾਂ ਤਰਾਸ਼ਦੀ ਇਹ ਹੈ ਕਿ ਹੁਕਮਰਾਨ ਪਾਰਟੀਆਂ ਦੇ ਤੋੜ ਭੰਨ ਅਤੇ ਉਨ੍ਹਾਂ ਦੀਆਂ ਅੰਦਰੂਨੀ ਬਗਾਵਤਾਂ ਦਾ ਹੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਜਿਸ ਗੱਲ ਦੀ ਕੁਝ ਲੋੜ ਤਾਂ ਹੋ ਸਕਦੀ ਹੈ ਪ੍ਰੰਤੂ ਸਮੁੱਚੀ ਸਥਿਤੀ ਦਾ ਦ੍ਰਿਸ਼ ਨਹੀਂ ਹੋ ਸਕਦੀ।

- ਦਰਸ਼ਨ ਚਾਹਲ

# ਬੌਧਿਕ ਗਰੀਬੀ ਅਤੇ ਪੰਜਾਬ ਦੀ ਰਾਜਨੀਤੀ

**ਪੰਜਾਬ ਵਿਚ 1960ਵਿਆਂ ਤੋਂ 80ਵਿਆਂ ਤੱਕ ਦੇ ਦੌਰ ਵਿਚ ਨਵੇਂ ਪੜ੍ਹਨ ਲਿਖਣ ਵਾਲੇ ਵਿਦਿਆਰਥੀ ਰਾਜਨੀਤੀ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਸਮਝਦੇ ਸਨ। ਪੰਜਾਬ ਦੀਆਂ ਸੰਸਥਾਵਾਂ ਵਿਚ ਦੁਨੀਆ ਭਰ ਦੇ ਮਸਲੇ ਵਿਚਾਰੇ ਜਾਂਦੇ ਸਨ ਅਤੇ ਦੇਸ਼ ਦੇ ਲੋਕਾਂ ਦੀ ਹੋਣੀ ਲਈ ਇਕ ਨਵਾਂ ਰਾਜਨੀਤਕ ਬਦਲ ਤਿਆਰ ਕਰਨ ਵਾਸਤੇ ਨਵੇਂ ਅਗਵਾਊ ਪੈਦਾ ਕੀਤੇ ਜਾ ਰਹੇ ਹਨ। ਉਸ ਸਮੇਂ ਦੇ ਦੌਰ ਦੀ ਪਰਖ ਪੜਚੋਲ ਕਰਨਾ ਆਪਣੇ ਆਪ ਵਿਚ ਬਹੁਤ ਵੱਡਾ ਕਾਰਜ ਹੈ ਪ੍ਰੰਤੂ ਉਸ ਦੌਰ ਵਿਚ ਜਿਨ੍ਹਾਂ ਕੁਝ ਚੰਦ ਵਿਅਕਤੀਆਂ ਦਾ ਨਾਂ ਦਰਜ ਹੁੰਦਾ ਹੈ ਉਨ੍ਹਾਂ ਵਿਚ ਦਰਸ਼ਨ ਚਾਹਲ ਇਕ ਹੈ ਜਿਨ੍ਹਾਂ ਨੇ ਰਾਜਨੀਤੀ ਦੇ ਅਸਰ ਸਰੋਕਾਰਾਂ ਨੂੰ ਅੱਜ ਤੱਕ ਵੀ ਵਿਸਾਰਿਆ ਨਹੀਂ ਬਲਕਿ ਲਗਾਤਾਰ ਰਾਜਨੀਤੀ ਨੂੰ ਕੇਂਦਰੀ ਤਬਦੀਲੀ ਦਾ ਚਾਲਕ ਸਮਝਦੇ ਹੋਏ ਉਸ ਪ੍ਰਤੀ ਸੋਚ ਵਿਚਾਰ ਰੱਖਦੇ ਹਨ। ਹਾਲਾਂਕਿ ਹਾਲਾਤਾਂ ਦੇ ਦਬ-ਦਬਾਅ ਹੇਠ ਅਤੇ ਆਪਣੇ ਕਾਰਜ ਨੂੰ ਬਹੁਤ ਲੋਕਾਂ ਨੇ ਸਿਰਫ਼ ਕਾਵਿਕ, ਸਵੈ ਜੀਵਨੀਆਂ ਅਤੇ ਤਰਕਸ਼ੀਲਤਾ ਦੀ ਪੱਧਰ ਤੱਕ ਆਪਣੇ ਆਪ ਨੂੰ ਸੰਘੇੜ ਲਿਆ। ਹਾਲਾਂਕਿ ਸਥਿਤੀਆਂ ਉਸ ਤੋਂ ਵੀ ਬਦਤਰ ਹੋ ਗਈਆਂ ਜਿਨ੍ਹਾਂ ਸਥਿਤੀਆਂ ਨੂੰ ਬਦਲਣ ਦੀ ਲੋੜ ਸੀ। ਦੇਖੋ ਆਉਣ ਵਾਲੇ ਸਮੇਂ 'ਚ ਕਿਸ ਕਿਸਮ ਨਾਲ ਰਾਜਨੀਤੀ ਦੇ ਅਖਾੜੇ ਵਿਚ ਮੁੜ ਸਹੀ ਕਿਸਮ ਦੀ ਸਮਝਦਾਰੀ ਨੂੰ ਵਿਕਸਿਤ ਕਰਨ ਵਿਚ ਕਿੰਨੇ ਕੁ ਹਿੱਸੇ ਯੋਗਦਾਨ ਪਾਉਂਦੇ ਹਨ। ਇਸ ਪ੍ਰਕਿਰਿਆ ਨੂੰ ਉਤਸ਼ਾਹ ਕਰਨ ਹਿੱਤ ਸਰੋਕਾਰਾਂ ਦੀ ਆਵਾਜ਼ ਦਰਸ਼ਨ ਚਾਹਲ ਦੇ ਵਿਚਾਰ ਪ੍ਰਸਤੁਤ ਕਰਨ ਦਾ ਮਾਣ ਹਾਸਲ ਕਰ ਰਿਹਾ ਹੈ।**

ਪੰਜਾਬ ਦੀ ਰਾਜਨੀਤੀ ਵਿਚ ਅਸੈਂਬਲੀ ਚੋਣਾਂ ਨੇ ਇਕ ਕਿਸਮ ਨਾਲ ਸਮੁੱਚੇ ਪੰਜਾਬੀ ਖਿੱਤੇ ਨਾਲ ਸਬੰਧਤ ਲੋਕਾਂ ਨੂੰ ਆਪਣੀ ਖਿੱਚ ਦਾ ਕੇਂਦਰ ਬਣਾ ਲਿਆ ਹੈ। ਹਰੇਕ ਤਰ੍ਹਾਂ ਦੀ ਸਿਆਸੀ ਸਮਝਦਾਰੀ ਨਾਲ ਲੈੱਸ ਹਰ ਕੋਈ ਆਪਣੇ ਵਿਚਾਰ ਪ੍ਰਸਤੁਤ ਕਰ ਰਿਹਾ ਹੈ। ਇਸ ਪ੍ਰਕਿਰਿਆ ਵਿਚ ਹਾਲਾਂਕਿ ਜਿਹੜੀਆਂ ਮੁੱਖ ਪਾਰਟੀਆਂ ਲੜਾਈ ਦੇ ਮੈਦਾਨ ਵਿਚ ਹਨ ਉਨ੍ਹਾਂ ਦੇ ਏਜੰਡੇ ਬੜੇ ਸਾਫ਼ ਹਨ ਕਿ ਉਨ੍ਹਾਂ ਨੇ ਆਪਣਾ ਜਿਸ ਕਿਸਮ ਦਾ ਇਕ ਰਾਜਨੀਤਕ ਕਾਰਪੋਰੇਟ ਘਰਾਣਾ ਸਥਾਪਤ ਕੀਤਾ ਹੈ ਉਸ ਉਪਰ ਅਗਲੇ ਪੰਜ ਸਾਲਾਂ ਲਈ ਲੋਕਾਂ ਤੋਂ ਇਕ ਮੋਹਰ ਲਗਵਾਉਣੀ ਹੈ ਫਿਰ ਇਸ ਤੋਂ ਬਾਅਦ ਇਨ੍ਹਾਂ ਨੇ ਜਿੱਤ ਜਾਣਾ ਹੈ ਅਤੇ ਲੋਕਾਂ ਨੇ ਮੁੜ ਇਹ ਜੰਗ ਹਾਰ ਜਾਣੀ ਹੈ। ਇਸ ਕਿਸਮ ਦੀ ਸਥਿਤੀ ਵਿਚ ਕਈ ਕਿਸਮ ਦੇ ਨਵੇਂ ਖਿਡਾਰੀ ਜੋ ਕਿ ਬੁਰਜੂਆ ਰਾਜਨੀਤੀ ਦੇ ਅੰਦਰਲੇ ਕੜੀ ਕਲੇਸ਼ ਕਾਰਨ ਬਾਹਰ ਨਿਕਲੇ ਹਨ ਉਹ ਵੀ ਇਕ ਧਿਰ ਬਣ ਕੇ ਲੋਕਾਂ ਨੂੰ ਇਕ ਬਦਲ ਦੇ ਤੌਰ 'ਤੇ ਅਗਵਾਈ ਦੇਣ ਦਾ ਵਾਅਦਾ ਕਰ ਰਹੇ ਹਨ ਜਿਸ ਦਾ ਚਾਲਕ ਮਨਪ੍ਰੀਤ ਬਾਦਲ ਹੈ ਜਿਸ ਨੇ ਆਪਣੇ ਅਕਾਲੀ ਰਾਜਨੀਤੀ ਦੇ ਸੱਤਾ ਦੇ ਗਲਿਆਰਿਆਂ ਨੂੰ ਅਲਵਿਦਾ ਕਹਿ ਦਿੱਤਾ ਸੀ ਹਾਲਾਂਕਿ ਉਹ ਇਕ ਸ਼ੁੱਧ ਕਿਸਮ ਦੇ ਕਾਰਪੋਰੇਟ ਘਰਾਣੇ ਦੀ ਹੀ ਵਕਾਲਤ ਕਰਦਾ ਰਿਹਾ ਹੈ ਪ੍ਰੰਤੂ ਹੁਣ ਕਿਉਂਕਿ ਪਿਛਲੇ ਸਮੇਂ 'ਚ ਜਿਸ ਕਿਸਮ ਨਾਲ ਬੁਰਜੂਆ ਰਾਜਨੀਤੀ ਵਿਚ ਸੱਜੇ ਅਤੇ ਖੱਬੇ ਕਮਿਊਨਿਸਟਾਂ ਦਾ ਜ਼ਨਾਜ਼ਾ ਨਿਕਲਿਆ ਹੈ ਉਸ ਨੇ ਵੀ ਆਪਣਾ ਰਾਜਨੀਤਕ ਬਦਲ ਦੇ ਤੌਰ 'ਤੇ ਨੇਤਾ ਮਨਪ੍ਰੀਤ ਬਾਦਲ ਨੂੰ ਹੀ ਚੁਣਿਆ ਹੈ। ਲੰਬਾ ਸਮਾਂ ਭਾਰਤੀ ਰਾਜਨੀਤੀ ਦੇ ਪ੍ਰਬੰਧ ਦੀਆਂ ਗਵਰਨਰੀ ਤਾਕਤਾਂ ਦਾ ਆਨੰਦ ਮਾਣਨ ਵਾਲਾ ਸੁਰਜੀਤ ਸਿੰਘ ਬਰਨਾਲਾ ਵੀ ਇਸ ਵਿਚ ਭਾਈਵਾਲ ਹੋ ਕੇ ਆਪਣੀ ਬੁਢਾਪੇ ਦੀ ਉਮਰ ਇਕ ਛੋਟੇ ਜਿਹੇ ਰਾਜਨੀਤਕ ਬਲ ਦੇ ਸਿਰ 'ਤੇ ਪੰਜਾਬ ਵਿਚ ਸਥਾਪਤ ਕਰਨੀ ਚਾਹੁੰਦਾ ਹੈ। ਹਾਲਾਂਕਿ ਇਸ ਸਥਿਤੀ ਦਾ ਸਮੁੱਚਾ ਵਿਸ਼ਲੇਸ਼ਣ ਇਕ ਭਰਵੇਂ ਪੜਚੋਲ ਦੀ ਮੰਗ ਕਰਦਾ ਹੈ ਪ੍ਰੰਤੂ ਇਥੇ ਸਾਡਾ ਮੁੱਖ ਸਰੋਕਾਰ ਜਿਸ ਕਿਸਮ ਨਾਲ ਵਿਦੇਸ਼ਾਂ ਵਿਚ ਪ੍ਰਵਾਸੀ ਪੰਜਾਬੀਆਂ ਵਲੋਂ ਤੀਸਰੇ ਮੋਰਚੇ ਦੀ ਵਕਾਲਤ ਕੀਤੀ ਜਾ ਰਹੀ ਹੈ ਉਹ ਸੋਚਣ ਦਾ ਸਵਾਲ ਹੈ। ਕਿਉਂਕਿ ਜਦੋਂ ਵੀ ਚੋਣ ਪ੍ਰਕਿਰਿਆ ਭਾਰਤੀ





ਸਮਾਜ ਵਿਚ ਨੇੜੇ ਆਉਂਦੀ ਹੈ ਤਾਂ ਹਰ ਕੋਈ ਸੱਤਾ ’ਤੇ ਪਹੁੰਚਣ ਲਈ ਕਿਸੇ ਵੀ ਵਿਰਸੇ ਨੂੰ ਵਰਤਣ ਵੱਲ ਨੂੰ ਵਧਦਾ ਹੈ ਜਿਵੇਂ ਕਦੀ ਸਿਮਰਨਜੀਤ ਸਿੰਘ ਮਾਨ ਸਿੱਖ ਏਜੰਡੇ ਨੂੰ ਪੰਜਾਬ ਦਾ ਸਭ ਤੋਂ ਤਬਦੀਲੀ ਵਾਲਾ ਏਜੰਡਾ ਪੇਸ਼ ਕਰਦਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਸਾਫ਼ ਸੁਥਰੀ ਪ੍ਰਸ਼ਾਸਨ ਦੀ ਸਥਾਪਤੀ ਦੀ ਵਕਾਲਤ ਕਰਦਾ ਰਿਹਾ ਹੈ। ਮੌਜੂਦਾ ਮੁੱਖ ਮੰਤਰੀ ਲੰਬੇ ਸਮੇਂ ਤੋਂ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਰਾਜਨੀਤਕ ਵਿੰਗ ਦੇ ਤੌਰ ’ਤੇ ਵਿਕਸਿਤ ਕਰਕੇ ਉਸ ਰਾਹੀਂ ਲਗਾਤਾਰ ਰਾਜਨੀਤੀ ਕਰ ਰਿਹਾ ਹੈ ਅਤੇ ਇਸ ਤੋਂ ਵੀ ਵੱਧ ਕੇ ਕਿਸਾਨਾਂ ਦਾ ਸਭ ਤੋਂ ਵੱਡਾ ਹਮਾਇਤੀ ਆਪਣਾ ਆਪ ਨੂੰ ਪ੍ਰਚਾਰਦਾ ਹੈ। ਇਹ ਸਭ ਕੁਝ ਤੋਂ ਅਗਾਂਹ ਜਾਂਦਿਆਂ ਮਨਪ੍ਰੀਤ ਬਾਦਲ ਨੇ ਮੌਜੂਦਾ ਪ੍ਰਬੰਧ ਨੂੰ ਬਦਲਣ ਦੀ ਵਕਾਲਤ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ ਹੈ। ਇਥੋਂ ਤੱਕ ਕਿ ਪੰਜਾਬ ਦੀ ਸਭ ਤੋਂ ਤਾਕਤਵਰ ਸ਼ਖਸੀਅਤ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਵਿਚਾਰਾਂ ਵਾਲਾ ਪੰਜਾਬ ਵਿਖਾਉਣ ਦੀ ਲੋਕਾਂ ਨੂੰ ਵਕਾਲਤ ਕੀਤੀ ਹੈ ਤੇ ਉਨ੍ਹਾਂ ਨੂੰ ਕਿਹਾ ਹੈ ਕਿ ਮੇਰੇ ਮੁੱਖ ਮੰਤਰੀ ’ਤੇ ਬਿਰਾਜਮਾਨ ਹੁੰਦਿਆਂ ਹੀ ਸਾਰੇ ਦੁੱਖਾਂ ਦਾ ਹੱਲ ਹੋ ਜਾਵੇਗਾ ਅਤੇ ਇਸ ਨਾਲ ਮੈਂ ਨਿਜ਼ਾਮ ਬਦਲ ਦਿਆਂਗਾ।

ਇਸ ਕਿਸਮ ਦੇ ਨਾਅਰੇ ਤੇ ਲਾਰਾ ਲਗਾਤਾਰ ਭਾਰਤੀ ਰਾਜਨੀਤੀ ’ਚ ਇਕ ਚੋਣ ਸਟੰਟ ਦਾ ਵੱਡਾ ਹਿੱਸਾ ਰਹੇ ਹਨ। ਇਥੋਂ ਤੱਕ ਮਾਇਆਵਤੀ ਨੇ ਆਪਣੇ ਆਪ ਨੂੰ ਦਲਿਤਾਂ ਦਾ ਮਸੀਹਾ ਐਲਾਨਿਆ ਹੈ। ਸ਼ਾਇਦ ਹਿੰਦੁਸਤਾਨ ਦੀ ਰਾਜਨੀਤੀ ਦੇ ਭ੍ਰਿਸ਼ਟ ਹਿੱਸਿਆਂ ਦੀ ਜੇ ਨਿਸ਼ਾਨਦੇਹੀ ਕੀਤੀ ਜਾਵੇ ਤਾਂ ਮਾਇਆਵਤੀ ਦਾ ਨਾਂ ਕਾਫ਼ੀ ਉਪਰ ਆਵੇਗਾ। ਉਹ ਵੀ ਸਮਾਜ ਬਦਲਣ ਦੀ ਵਕਾਲਤ ਕਰਦੀ ਰਹੀ ਹੈ।

ਸਥਿਤੀ ਦਾ ਸਭ ਤੋਂ ਨਿਰਾਸ਼ਾਜਨਕ ਪਹਿਲੂ ਇਹ ਹੈ ਕਿ ਆਪਣੇ ਆਪ ਨੂੰ ਸਿਸਟਮ ਦੀ ਸਭ ਤੋਂ ਵੱਡੀ ਸਮਝਦਾਰੀ ਰੱਖਣ ਦੀ ਵਕਾਲਤ ਕਰਨ ਵਾਲੇ ਸੱਜੇ ਖੱਬੇ ਕਮਿਊਨਿਸਟ ਪਤਾ ਨਹੀਂ ਕਿਉਂ ਮਨਪ੍ਰੀਤ ਬਾਦਲ ਦੇ ਏਜੰਡੇ ਨੂੰ ਆਪਣਾ ਏਜੰਡਾ ਬਣਾ ਕੇ ਰਾਜਨੀਤੀ ਦੇ ਮੌਕਾਪ੍ਰਸਤ ਸਮੀਕਰਨ ਵਿਚ ਸ਼ਾਮਲ ਹੋ ਗਏ ਹਨ। ਹਾਲਾਂਕਿ ਪਿਛਲੇ ਸਮੇਂ ’ਚ ਜਿਸ ਕਿਸਮ ਨਾਲ ਮੰਡੀ ਅਤੇ ਪੂੰਜੀਵਾਦ ਦਾ ਵਹਾਅ ਦੁਨੀਆ ਵਿਚ ਚਲਿਆ ਹੈ ਪੰਜਾਬ ਵੀ ਇਸ ਤੋਂ ਅਣਭਿੱਜ ਨਹੀਂ ਹੈ। ਪੰਜਾਬ ਹੁਣ ਪੁਰਾਣਾ ਪੰਜਾਬ ਨਹੀਂ ਰਿਹਾ ਬਲਕਿ ਇਸ ਵਿਚ ਬਹੁਤ ਕੁਝ ਤਬਦੀਲ ਹੋ ਗਿਆ ਹੈ। ਪੂੰਜੀ ਦੇ ਵਹਾਅ ਨੇ ਪੁਰਾਣੀਆਂ ਸ਼ਾਨਦਾਰ ਕਦਰਾਂ ਕੀਮਤਾਂ ਨੂੰ ਪਰ੍ਹੇ ਵਗਾਹ ਮਾਰਿਆ ਹੈ ਅਤੇ ਹਰ ਜੀਵਨ ਦੇ ਖੇਤਰ ਵਿਚ ਖਪਤਕਾਰੀ ਮਨੁੱਖ ਦੀ ਸਿਰਜਣਾ ਕਰ ਦਿੱਤੀ ਹੈ। ਇਸ ਸਥਿਤੀ ਦਾ ਭਰਵਾਂ ਵਿਸ਼ਲੇਸ਼ਣ ਕਰਨ ਹਿੱਤ ਸਭ ਤੋਂ ਪ੍ਰਸਿੱਧ ਵਿਦਵਾਨ ਕਾਰਲ ਮਾਰਕਸ ਨੂੰ ਮੁੜ ਦੁਨੀਆ ਪੜ੍ਹ ਵਿਚਾਰ ਰਹੀ ਹੈ। ਦੁਨੀਆ ਦੇ ਪੈਮਾਨੇ ’ਤੇ ਉਠੀਆਂ ਉਥਲ ਪੁਥਲਾਂ ਨੇ ਕਾਰਲ ਮਾਰਕਸ ਦੀ ਸਥਾਪਤੀ ਮੁੜ ਵਿਕਸਿਤ ਕਰ ਦਿੱਤੀ ਹੈ ਪਰ ਪਤਾ ਨਹੀਂ ਕਿਉਂ ਬੌਧਿਕ ਪੱਧਰ ’ਤੇ ਗਰੀਬੀ ਖੱਬੇਪੱਖ ’ਚ ਏਨੀ ਆ ਚੁੱਕੀ ਹੈ ਕਿ ਦ੍ਰਿਸ਼ ਧੁੰਦਲਾ ਹੈ ਜਾਂ ਉਨ੍ਹਾਂ ਨੂੰ ਦਿਖਾਈ ਧੁੰਦਲਾ ਦੇ ਰਿਹਾ ਹੈ। ਇਸ ਕਿਸਮ

## ਵਿਕਾਸ ਮਾਡਲ ਦੇ ਨਤੀਜੇ

ਹਿਊਮਨ ਡਿਵੈਲਪਮੈਂਟ ਦੀ 1998 ਦੀ ਰਿਪੋਰਟ ਮੁਤਾਬਕ ਪੂਰੀ ਦੁਨੀਆਂ ਦੀ ਅਬਾਦੀ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਮੁੱਢਲੀ ਸਿੱਖਿਆ, ਪੀਣ ਲਈ ਸਾਫ਼ ਪਾਣੀ, ਸਾਫ਼-ਸੁਥਰਾ ਆਲਾ-ਦੁਆਲਾ, ਮੁੱਢਲੀਆਂ ਸਿਹਤ ਸਹੂਲਤਾਂ ਅਤੇ ਲੋੜੀਂਦਾ ਪੋਸ਼ਣ, ਔਰਤਾਂ ਲਈ ਪ੍ਰਜਣਨ ਸਬੰਧੀ ਸਿਹਤ ਸਹੂਲਤਾਂ ਉਪਲਬਧ ਕਰਾਉਣ ਤੇ ਆਉਣ ਵਾਲਾ ਖਰਚਾ ਲਗਪਗ 40 ਅਰਬ ਡਾਲਰ ਹੈ। ਇਹ ਰਕਮ ਵੱਡੀ ਲੱਗ ਸਕਦੀ ਹੈ ਪਰ ਕੀ ਇਹ ਵਾਕਈ ਹੀ ਬਹੁਤ ਵੱਡੀ ਹੈ ?ਇਸੇ ਰਿਪੋਰਟ ਮੁਤਾਬਕ ਅਮਰੀਕਾ ਚ ਸੁੰਦਰਤਾਵਰਧਕ ਸਮੱਗਰੀ ਤੇ ਖਰਚਾ 8 ਅਰਬ ਡਾਲਰ, ਯੂਰਪ ਚ ਆਈਸਕ੍ਰੀਮ ਦਾ ਖਰਚ 11 ਅਰਬ ਡਾਲਰ, ਅਮਰੀਕਾ-ਯੂਰਪ ਚ ਇਤਰ ਦਾ ਖਰਚਾ 12 ਅਰਬ ਡਾਲਰ, ਅਮਰੀਕਾ-ਯੂਰਪ ਚ ਪਾਲਤੂ ਜਾਨਵਰਾਂ ਦੇ ਖਾਣੇ ਦਾ ਖਰਚ 17 ਅਰਬ ਡਾਲਰ, ਯੂਰਪ ਚ ਸਿਗਰਟ ਦਾ ਖਰਚ 50 ਅਰਬ ਡਾਲਰ, ਯੂਰਪ ਚ ਸ਼ਰਾਬ ਤੇ ਖਰਚ 105 ਅਰਬ ਡਾਲਰ, ਦੁਨੀਆਂ ਭਰ ਚ ਨਸ਼ਿਆਂ ਤੇ ਖਰਚ 400 ਅਰਬ ਡਾਲਰ, ਦੁਨੀਆਂ ਭਰ ਚ ਹਥਿਆਰਾਂ ਉੱਤੇ ਫੌਜੀ ਖਰਚ (2009)- 1300 ਅਰਬ ਡਾਲਰ , ਆਰਥਿਕ ਮੰਦੀ ਤੋਂ ਬਾਅਦ ਪੂੰਜੀਪਤੀਆਂ ਨੂੰ ਦਿੱਤੇ ਪੈਕੇਜ- 700 ਅਰਬ ਡਾਲਰ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਖਰਚ ਸਾਲਾਨਾ ਹਨ। ਭਾਰਤ ਵਿੱਚ ਸਭ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣਾ ਕੋਈ ਆਸਮਾਨੋਂ ਤਾਰਾ ਤੋੜਨ ਵਾਲੀ ਗੱਲ ਨਹੀਂ। ਐਮ. ਐਫ. ਸੀ. ਦੇ ਬੁਲਿਟਨ ਵਿੱਚ ਨਰੇਂਦਰ ਗੁਪਤਾ ਦੀ ਪ੍ਰਕਾਸ਼ਤ ਇੱਕ ਖੋਜ ਰਿਪੋਰਟ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪੂਰੇ ਭਾਰਤ ਦੇ ਲੋਕਾਂ ਨੂੰ ਸਾਰੀਆਂ ਜ਼ਰੂਰੀ ਦਵਾਈਆਂ ਮੁਫ਼ਤ ਉਪਲਬਧ ਕਰਵਾਉਣ ਲਈ 30,000 ਕਰੋੜ ਰੁਪਏ ਦੀ ਲੋੜ ਹੈ। ਬਜਟ ਅਨੁਸਾਰ ਭਾਰਤ ਦੀ 2011-12 ਦੀ ਘਰੇਲੂ ਪੈਦਾਵਾਰ 89 ਲੱਖ ਕਰੋੜ ਦੇ ਕਰੀਬ ਹੋਣ ਦੀ ਉਮੀਦ ਹੈ ਅਤੇ ਇਸੇ ਬਜਟ ਵਿੱਚ ਸਿੱਧੇ-ਅਸਿੱਧੇ ਰੂਪ ਵਿੱਚ 5.12 ਲੱਖ ਕਰੋੜ ਰੁਪਏ ਦੀਆਂ ਟੈਕਸ ਛੋਟਾਂ ਪੂੰਜੀਪਤੀਆਂ ਨੂੰ ਦਿੱਤੀਆਂ ਗਈਆਂ ਹਨ ਪਰ ਇਸੇ ਕੇਂਦਰੀ ਬਜਟ ਚ ਸਿਹਤ ਲਈ ਰੱਖੀ ਰਾਸ਼ੀ 26,760 ਕਰੋੜ ਹੈ ਜੋ ਪੂਰੇ ਬਜਟ ਦਾ ਮਹਿਜ਼ 0.29 ਫ਼ੀਸਦੀ ਬਣਦੀ ਹੈ। ਜੇ ਇਸ ਦਾ ਦੁੱਗਣਾ ਕਰ ਦਿੱਤਾ ਜਾਵੇ ਤਾਂ ਬਹੁਤੇ ਲੋਕਾਂ ਨੂੰ ਦਵਾਈਆਂ ਮੁਫ਼ਤ ਮਿਲ ਸਕਦੀਆਂ ਹਨ।

ਦੀ ਸਥਿਤੀ ਵਿਚ ਮੌਕਾਪ੍ਰਸਤ ਰਾਜਨੀਤੀ ਅਜੋਕੇ ਪੂੰਜੀਵਾਦੀ ਪ੍ਰਬੰਧ ਦੀ ਉਮਰ ਤਾਂ ਲੰਮੇਰੀ ਕਰ ਸਕਦੀ ਹੈ ਪ੍ਰੰਤੂ ਕਿਸੇ ਨਾ ਕਿਸੇ ਰੂਪ ਵਿਚ ਉਹ ਕੋਈ ਲੋਕਾਂ ਦਾ ਬਦਲ ਨਹੀਂ ਉਸਾਰ ਸਕਦੀ ਜਿਸ ਤਰ੍ਹਾਂ ਪ੍ਰਸਿੱਧ ਵਿਦਵਾਨ ਪ੍ਰੋ. ਰਣਧੀਰ ਸਿੰਘ ਹੋਰਾਂ ਨੇ ਆਪਣੇ ਕਿਤਾਬ ਕਾਰਲ ਮਾਰਕਸ ਤੇ ਉਹਦਾ ਮਾਰਕਸਵਾਦ ਵਿਚ ਲਿਖਿਆ ਹੈ, "ਅੱਜ ਦੀ ਦੁਨੀਆ ਬੇਸ਼ੁਮਾਰ ਸਮੱਸਿਆਵਾਂ ਵਿਚ ਘਿਰੀ ਹੋਈ ਹੈ, ਜ਼ਾਹਿਰ ਹੈ ਕਿ ਗਹਿਰੀ ਸੰਕਟਾਂ ਵਿਚ ਘਿਰੀ ਹੋਈ ਹੈ ਜਦੋਂ ਤੱਕ ਇਹ ਸੰਸਾਰ, ਵਿਸ਼ਵ ਸਰਮਾਏਦਾਰੀ ਅਧੀਨ ਰਹੇਗਾ ਮਾਰਕਸਵਾਦ ਇਨ੍ਹਾਂ ਸਮੱਸਿਆਵਾਂ ਨੂੰ ਸਮਝਣ ਅਤੇ ਇਨ੍ਹਾਂ ਦਾ ਸਾਹਮਣਾ ਕਰਕੇ ਸੁਲਝਾਉਣ ਵਾਲਿਆਂ ਲਈ ਜ਼ਰੂਰੀ ਹੈ। ਮੈਂ ਇਸ ਵਿਚ ਸਿਰਫ਼ ਏਨਾ ਹੀ ਵਾਧਾ ਕਰਨਾ ਚਾਹਾਂਗਾ ਕਿ ਇਸ ਦੁਨੀਆ ਵਿਚ ਕੇਵਲ ਸਰਮਾਏਦਾਰੀ ਦੇ ਪ੍ਰੇਮੀ ਜਾਂ ਇਸਦੇ ਕੇਵਲ ਮਾਤਰ ਸ਼ਿਕਾਰ ਜਾਂ ਸੀ. ਰਾਈਟ ਮਿਲਜ਼ ਦੇ ਸ਼ਬਦਾਂ ਵਿਚ ਸਿਰਫ਼ ਖ਼ੁਸ਼ਫਹਿਮ ਰੋਬਟ ਹੀ ਨਹੀਂ ਵਸਦੇ, ਸਗੋਂ ਇਸ ਵਿਚ ਕਾਫ਼ੀ ਗਿਣਤੀ ਵਿਚ ਗੁੱਸੇ ਖੋਰ ਬੰਦਿਆਂ ਦਾ ਵੀ ਬਸੇਰੇ ਹੈ ਜੋ ਇਸ ਹਨੇਰੇ ਅਸਮਾਨ ਹੇਠ ਹਰ ਇਕ ਲਈ ਬਰਾਬਰਤਾ ਵਾਲੀ ਦੁਨੀਆ ਦੀ ਉਸਾਰੀ ਲਈ ਜੂਝ ਰਹੇ ਹਨ ਉਨ੍ਹਾਂ ਨੂੰ ਮਾਰਕਸਵਾਦ ਵਿਚ ਹੀ ਆਪਣੇ ਸੰਘਰਸ਼ਾਂ ਲਈ ਢੁਕਵੇਂ ਬੌਧਿਕ ਹਥਿਆਰ ਉਪਲੱਬਧ ਹੋਣਗੇ।" ਉਪਰੋਕਤ ਧਾਰਨਾ ਨੂੰ ਸੰਬੋਧਤ ਹੋਣ ਦੀ ਲੋੜ ਸੀ ਪ੍ਰੰਤੂ ਜਿਸ ਕਿਸਮ ਨਾਲ 36 ਸਾਲ ਪੱਛਮੀ ਬੰਗਾਲ ਅਤੇ ਫਿਰ ਕੇਰਲਾ, ਤ੍ਰਿਪੁਰਾ ਵਿਚ ਹਕੂਮਤੀ ਤਾਕਤ ਮਾਣੀ ਹੈ ਉਸ ਨੇ ਕਿਸੇ ਵੀ ਕਿਸਮ ਨਾਲ ਨਜ਼ਾਮ ਵਿਚ ਕੋਈ ਤਬਦੀਲੀ ਨਹੀਂ ਲਿਆਂਦਾ ਬਲਕਿ ਖੱਬੇ ਪੱਖੀ ਦ੍ਰਿਸ਼ਟੀਕੋਣ ਨੂੰ ਭਾਰਤ ਵਿਚ ਹੋਰ ਕਮਜ਼ੋਰ ਕਰਨ ਵਿਚ ਯੋਗਦਾਨ ਪਾਇਆ ਹੈ ਜਿਸ ਕਰਕੇ ਹਿੰਦੁਸਤਾਨ ਵਿਚ ਬਦਲਵਾਂ ਰਾਜਨੀਤਕ, ਸਮਾਜਿਕ ਤਾਣਾਬਾਣਾ ਸਥਾਪਤ ਕਰਨ ਦੀ ਵਕਾਲਤ ਕਰਨਾ ਵੀ ਔਖਾ ਕਾਰਜ ਹੋ ਗਿਆ ਹੈ। ਇਸ ਨੇ ਇਹ ਦਿਖਾ ਦਿੱਤਾ ਹੈ ਕਿ ਜਿਸ ਕਿਸਮ ਦਾ ਬੁਰਜੂਆ ਪ੍ਰਬੰਧ ਭਾਰਤ ਵਿਚ ਹੈ ਉਸ ਦੇ ਬਦਲ ਵਜੋਂ ਜੇ ਸਹੀ ਕਿਸਮ ਦੀਆਂ ਜਥੇਬੰਦੀਆਂ ਦੀ ਤਾਕਤ ਬਦਲਵੇਂ ਰੂਪ ਵਿਚ ਉਸਾਰੀ ਨਹੀਂ ਜਾਂਦੀ ਤਾਂ ਇਕ ਅਜੋਕਾ ਨਿਜ਼ਾਮ ਆਪਣੀ ਤੋਰ ਵਿਚ ਬਾਕੀਆਂ ਨੂੰ ਵੀ ਸ਼ਾਮਲ ਕਰਦਾ ਜਾਵੇਗਾ। ਹਾਲਾਂਕਿ ਖੱਬੇ ਪੱਖ ਨੂੰ ਇਹ ਭੁਲੇਖਾ ਨਹੀਂ ਸੀ ਚਾਹੀਦਾ ਕਿ ਹੇਠਲੇ ਪੱਧਰ ਤੋਂ ਲੈ ਕੇ ਉਪਰਲੇ ਪੱਧਰ ਤੱਕ ਜਿਸ ਕਿਸਮ ਨਾਲ ਸਿਸਟਮ ਦੀ ਉਸਾਰੀ ਹੋਈ ਹੈ ਚੌਕੀਦਾਰ ਤੋਂ ਲੈ ਕੇ ਪਾਰਲੀਮੈਂਟ ਤੱਕ ਸਭ ਕੋਈ ਕਿਸੇ ਨਾ ਕਿਸੇ ਰੂਪ ਵਿਚ ਇਕ ਨਜ਼ਾਮ ਦਾ ਅਟੁੱਟ ਅੰਗ ਬਣਿਆ ਹੋਇਆ ਹੈ। ਇਸ ਦੀਆਂ ਬੁਨਿਆਦਾਂ ਬਾਰੇ ਇਸ ਦੀ ਸਥਾਪਤੀ ਬਾਰੇ ਕਾਫ਼ੀ ਕੁਝ ਪਹਿਲਾਂ ਹੀ ਲਿਖਿਆ ਜਾ ਚੁੱਕਿਆ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਭਾਰਤੀ ਜਮਹੂਰੀਅਤ ਦੇ ਤਜਰਬਿਆਂ ਨੂੰ ਸਾਂਝੇ ਕਰਦਿਆਂ ਹੋਇਆਂ ਪ੍ਰਸਿੱਧ ਮਾਰਕਸਵਾਦੀ ਰਣਧੀਰ ਸਿੰਘ ਹੋਰਾਂ ਨੇ ਲਿਖਿਆ ਸੀ ਕਿ ਅਜੋਕੀ ਜਮਹੂਰੀਅਤ ਕਿਸੇ ਵੀ ਕਿਸਮ ਨਾਲ ਲੋਕਾਂ ਲਈ ਇਕ ਸਿਆਸੀ ਤਾਕਤ ਦਾ ਰੋਲ ਅਦਾ ਨਹੀਂ ਕਰ ਸਕਦੀ। ਇਥੋਂ ਤੱਕ ਕਿ ਨਹਿਰੂ ਦੇ ਬਹੁਤ ਹੀ ਨਜ਼ਦੀਕੀ ਰਹੇ ਮਿੱਤਰ ਗੁਨਰ ਮੁਰਦਿਲ ਨੇ ਲਿਖਿਆ ਸੀ ਕਿ ਦੇਸ਼ ਦੀ ਨਵੀਂ ਸਰਕਾਰ ਬੁਨਿਆਦੀ ਤੌਰ 'ਤੇ ਬਰਤਾਨਵੀ ਰਾਜ ਦੀ ਅਗਲੀ ਹੀ ਕੜੀ ਹੈ ਜਿਸ ਦਾ ਜੀਵਨ ਢੰਗ ਕਾਇਦੇ ਕਾਨੂੰਨ ਪੁਰਾਣੇ ਬਰਤਾਨਵੀ ਹੁਕਮਰਾਨਾਂ ਵਰਗੇ ਹਨ ਜਿਵੇਂ ਉਹ ਚੰਦ ਲੋਕ ਸੱਤਾ ਦਾ ਆਨੰਦ ਮਾਣਦੇ ਸਨ ਉਸੇ ਤਰ੍ਹਾਂ ਹੁਣ ਵੀ ਹਿੰਦੁਸਤਾਨਾਂ ਵਿਚ ਇਕ ਉਚ ਘਰਾਣਾ ਹੀ ਸੱਤਾ ਦਾ ਆਨੰਦ ਮਾਣਦਾ ਹੈ। ਜਹੂਮਰੀਅਤ ਆਮ ਗਰੀਬ ਲੋਕਾਂ ਵਾਸਤੇ ਨਹੀਂ ਬਲਕਿ ਉਨ੍ਹਾਂ ਦੇ ਹਿੱਤਾਂ ਨੂੰ ਅਗਾਂਹ ਪਹੁੰਚਾਉਣ ਵਾਲਾ ਇਕ ਹਥਿਆਰ ਹੀ ਹੈ। ਪ੍ਰਸਿੱਧ ਅਰਥ ਸ਼ਾਸਤਰੀ ਵੀ. ਕੇ. ਆਰ. ਵੀ. ਰਾਓ ਨੇ 1973 ਵਿਚ ਲਿਖਿਆ ਸੀ  ਕਿ ਅਜੋਕੀਆਂ ਰਾਜਨੀਤਕ ਗਤੀਵਿਧੀਆਂ ਵਿਚ

## ਕਿਸਾਨ, ਖ਼ੁਦਕੁਸ਼ੀ ਤੇ ਵਿਕਾਸ

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਸੰਨ 2010 ਵਿੱਚ 15,694 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਸੰਨ 1995 ਤੋਂ 2010 ਤੱਕ ਦੇ 16 ਸਾਲਾਂ ਦੌਰਾਨ ਭਾਰਤ ਵਿੱਚ 2,56,913 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਰਜ ਹੋਈਆਂ ਹਨ, ਜੋ ਮਨੁੱਖੀ ਇਤਿਹਾਸ ਵਿੱਚ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਸਭ ਤੋਂ ਵੱਧ ਦਿਲ-ਕੰਬਾਊ ਅਤੇ ਭਿਆਨਕ ਸੁਨਾਮੀ ਲਹਿਰ ਹੈ। ਇਹ ਗਿਣਤੀ ਸਿਰਫ਼ ਦਰਜ ਹੋਈਆਂ ਖ਼ੁਦਕੁਸ਼ੀਆਂ ਦੀ ਹੈ। ਇਸ ਤੋਂ ਬਿਨਾਂ ਸਮਾਜਿਕ ਅਤੇ ਕਾਨੂੰਨੀ ਕਾਰਨਾਂ ਕਰਕੇ ਕਿਸਾਨਾਂ ਦੁਆਰਾ ਖ਼ੁਦਕੁਸ਼ੀਆਂ ਵੀ ਹਨ, ਜੋ ਕਿਸੇ ਸਰਕਾਰੀ ਰਿਕਾਰਡ ਵਿੱਚ ਦਰਜ ਹੀ ਨਹੀਂ ਹੋਈਆਂ ਹਨ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਅਨੁਸਾਰ ਇਨ੍ਹਾਂ 16 ਸਾਲਾਂ ਵਿੱਚੋਂ ਪਿਛਲੇ ਅੱਠ ਸਾਲਾਂ (ਸਾਲ 2003-2010) ਦੌਰਾਨ 1,35,756 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਰਜ ਹੋਈਆਂ ਅਤੇ ਉਸ ਤੋਂ ਪਹਿਲੇ ਅੱਠ ਸਾਲਾਂ (ਸਾਲ 1995-2002) ਦੌਰਾਨ ਇਹ ਗਿਣਤੀ 1,21,157 ਬਣਦੀ ਹੈ। ਇਨ੍ਹਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਪਹਿਲੇ ਅੱਠ ਸਾਲਾਂ ਨਾਲੋਂ ਪਿਛਲੇ ਅੱਠ ਸਾਲਾਂ ਦੌਰਾਨ 1825 ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵੱਧ ਦਰਜ ਹੋਈਆਂ ਹਨ। ਸੰਨ 1991 ਦੇ ਮੁਕਾਬਲੇ ਸੰਨ 2001 ਦੀ ਜਨਗਣਨਾ ਦੌਰਾਨ ਖੇਤੀ ਖੇਤਰ ਵਿੱਚ ਮੁੱਖ ਕਾਮਿਆਂ ਦੀ ਗਿਣਤੀ 7,00,000 ਘਟੀ ਹੈ ਅਤੇ ਜਦੋਂ ਸੰਨ 2011 ਦੀ ਜਨਗਣਨਾ ਦੇ ਅੰਕੜੇ ਉਪਲੱਬਧ ਹੋਣਗੇ ਤਾਂ ਯਕੀਨਨ ਖੇਤੀ ਖੇਤਰ ਵਿੱਚ ਮੁੱਖ ਕਾਮਿਆਂ ਦੀ ਗਿਣਤੀ ਹੋਰ ਘਟ ਜਾਵੇਗੀ। ਕਿਸਾਨੀ ਸੰਕਟ ਭਿਆਨਕ ਬਣਿਆ ਹੋਇਆ ਹੈ ਕਿਉਂਕਿ ਖੇਤੀ ਖੇਤਰ ਵਿੱਚ ਮੁੱਖ ਕਾਮਿਆਂ ਦੀ ਗਿਣਤੀ ਵਿੱਚ ਵੱਡੇ ਪੱਧਰ ਉੱਤੇ ਕਮੀ ਹੋਣ ਦੇ ਬਾਵਜੂਦ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਦਰਜ ਕੀਤੀ ਗਈ ਗਿਣਤੀ ਵਧਦੀ ਆ ਰਹੀ ਹੈ।

ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਭਾਗਾਂ ਵਿੱਚ ਖੋਜਾਰਥੀਆਂ ਦੇ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਤਕਰੀਬਨ ਪੂਰੀ ਦੀ ਪੂਰੀ ਨਿਮਨ ਕਿਸਾਨੀ ਘੋਰ ਗ਼ਰੀਬੀ ਹੰਢਾ ਰਹੀ ਹੈ। ਇਹ ਕਿਸਾਨੀ ਕਰਜ਼ੇ ਵਿੱਚ ਜੰਮਦੀ ਹੈ, ਕਰਜ਼ੇ ਵਿੱਚ ਔਖੀ ਦਿਨ-ਕਟੀ ਕਰਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਅਤੇ ਘਟੀ ਹੋਈ ਜ਼ਮੀਨ ਦੇ ਜਾਂਦੀ ਹੈ ਜਾਂ ਕਰਜ਼ੇ ਦੇ ਭਾਰ ਦੀ ਨਮੋਸ਼ੀ ਨਾ ਝੱਲਦੀ ਹੋਈ ਖ਼ੁਦਕੁਸ਼ੀ ਕਰ ਜਾਂਦੀ ਹੈ। ਵੱਖ-ਵੱਖ ਖੋਜ ਅਧਿਐਨਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਭਾਰਤ ਵਿੱਚ ਕਿਸਾਨਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਵਿੱਚ ਬਹੁਤ ਹੀ ਜ਼ਿਆਦਾ ਵੱਡੀ ਗਿਣਤੀ ਨਿਮਨ ਕਿਸਾਨਾਂ ਦੀ ਹੈ ਅਤੇ ਇਨ੍ਹਾਂ ਖ਼ੁਦਕੁਸ਼ੀਆਂ ਦੇ ਸਭ ਤੋਂ ਅਹਿਮ ਕਾਰਨ ਨਿਮਨ ਕਿਸਾਨਾਂ ਵਿੱਚ ਘੋਰ ਗ਼ਰੀਬੀ ਅਤੇ ਕਰਜ਼ਾ ਹਨ। ਭਾਵੇਂ ਨਿਮਨ ਕਿਸਾਨੀ ਵਿੱਚ ਘੋਰ ਗ਼ਰੀਬੀ ਅਤੇ ਕਰਜ਼ੇ ਦਾ ਇੱਕ ਅਹਿਮ ਕਾਰਨ ਕੇਂਦਰ ਸਰਕਾਰ ਦੀ ਖੇਤੀ ਕੀਮਤ ਨੀਤੀ ਹੈ ਪਰ ਇਨ੍ਹਾਂ ਸਮੱਸਿਆਵਾਂ ਨੂੰ ਖੇਤੀ ਨੀਤੀ ਅਤੇ ਦੇਸ਼ ਦੇ ਆਰਥਿਕ ਵਿਕਾਸ ਮਾਡਲ ਦੇ ਸੰਦਰਭ ਵਿੱਚ ਵੀ ਵਿਚਾਰਨਾ ਚਾਹੀਦਾ ਹੈ।






**ਪੰਜਾਬ ਦੀ ਸਭ ਤੋਂ ਵੱਡੀ ਵਿਰਾਸਤ ਜੋ ਅੱਜ ਵੀ ਖੱਬੇ ਪੱਖੀ ਹਿੱਸਿਆਂ ਨੂੰ ਇਕ ਨਵੇਂ ਕਿਸਮ ਦੀ ਰੂਹ ਪ੍ਰਦਾਨ ਕਰਦੀ ਹੈ ਜਿਸ ਵਿਚ ਬੈਠਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਕਦੇ ਸੰਤ ਰਾਮ ਉਦਾਸੀ ਨੇ ਲਿਖਿਆ ਸੀ ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ, ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ।ਇਹ ਸਤਰਾਂ ਭਲਾਂ ਲਗਾਤਾਰ ਇਥੋਂ ਪਿਛਲੇ ਕਈ ਦਹਾਕਿਆਂ ਤੋਂ ਉਭਰੀਆਂ ਜਾ ਰਹੀਆਂ ਹਨ ਪ੍ਰੰਤੂ ਜਿਸ ਕਿਸਮ ਨਾਲ ਇਕ ਰਾਜਨੀਤਕ ਬਦਲ ਗਦਰੀ ਬਾਬਿਆਂ ਨੇ ਦਿੱਤਾ ਸੀ ਉਹ ਅਜੇ ਇਥੋਂ ਉਭਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।**

ਜੇ ਕਿਸੇ ਨਾ ਕਿਸੇ ਕਿਸਮ ਨਾਲ ਸਮਾਜਵਾਦੀ ਵਿਚਾਰਧਾਰਾ ਨਾਲ ਉਪਰਲੀਆਂ ਜਮਾਤਾਂ ਸਮਝੌਤਾ ਕਰਦੀਆਂ ਹਨ ਤਾਂ ਉਨ੍ਹਾਂ ਦਾ ਮੁੱਖ ਮਕਸਦ ਸਿਰਫ਼ ਆਪਣੇ ਰਾਜਨੀਤਕ ਏਜੰਡੇ ਨੂੰ ਹੀ ਸਫ਼ਲ ਬਣਾਉਣਾ ਹੈ ਜਿਸ ਨੇ ਮੁੜ ਕੇ ਤਾਕਤ ਦੇ ਜ਼ਰੀਏ ਪੂੰਜੀਵਾਦੀ ਵਿਕਾਸ ਨੂੰ ਅਗਾਂਹ ਤੋਰਨਾ ਹੈ। ਇਸ ਸਮੁੱਚੀ ਸਥਿਤੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਕਿਸੇ ਵੀ ਤਰੀਕੇ ਨਾਲ ਗਰੀਬ ਅਤੇ ਦਬੇ ਹੋਏ ਲੋਕ ਪਾਰਲੀਮੈਂਟ ਦੇ ਰਸਤੇ ਆਪਣੀਆਂ ਚੁਣੌਤੀਆਂ ਨੂੰ ਸਰ ਨਹੀਂ ਕਰ ਸਕਦੇ। ਹਾਲਾਂਕਿ ਚੋਣਾਂ 'ਚ ਭਾਗ ਲੈਣਾ ਜਾਂ ਉਸ ਦਾ ਬਾਈਕਾਟ ਕਰਨਾ ਇਕ ਦਾਅਪੇਚ ਦਾ ਸਵਾਲ ਹੈ ਬਲਕਿ ਯੁਧਨੀਤਕ ਸਵਾਲ ਨਹੀਂ ਹੈ। ਸੋ ਲੋੜ ਇਸ ਗੱਲ ਦੀ ਹੈ ਕਿ ਪਾਰਲੀਮੈਂਟ ਤੋਂ ਬਾਅਦ ਲੋਕਾਂ ਦੇ ਸੰਘਰਸ਼ਾਂ ਨੂੰ ਸਥਾਪਤ ਕਰਕੇ ਉਨ੍ਹਾਂ ਦੀ ਤਾਕਤ ਨੂੰ ਇਸ ਹੱਦ ਤੱਕ ਮਜ਼ਬੂਤ ਕੀਤਾ ਜਾਵੇ ਕਿ ਜਿਸ ਨਾਲ ਰਾਜਨੀਤੀ ਪ੍ਰਭਾਵਤ ਹੋ ਸਕੇ। ਉਸ ਦੀਆਂ ਗਤੀਵਿਧੀਆਂ ਉਸ ਦਾ ਜਥੇਬੰਦਕ ਤਾਣਾਬਾਣਾ, ਉਸ ਦੇ ਸੰਘਰਸ਼ ਇਸ ਹੱਦ ਤੱਕ ਇਨਕਲਾਬੀ ਚੇਤਨਤਾ ਨਾਲ ਲੈਸ ਹੋਣ ਕਿ ਲੋਕਾਂ ਨੂੰ ਮਹਿਸੂਸ ਹੋਵੇ ਕਿ ਇਹ ਵੀ ਸਾਡਾ ਅਸਰ ਰਾਜਨੀਤਕ ਬਦਲ ਹੈ। ਜਿਸ ਦੀ ਗਾਈਡੈਂਸ ਅੱਜ ਵੀ ਲੈਨਿਨ, ਗਰਾਮਸੀ ਅਤੇ ਇਥੋਂ ਤੱਕ ਹੋਰ ਕਿੰਨੇ ਹੀ ਇਨਕਲਾਬੀ ਤਜਰਬਿਆਂ ਦੇ ਆਗੂਆਂ ਤੋਂ ਮਿਲਦੀ ਹੈ। ਇਸ ਨੂੰ ਸ਼ਾਇਦ ਅਜੋਕੀ ਖੱਬੇ ਪੱਖੀ ਧਿਰ ਨੇ ਆਪਣੇ ਸਮਝ ਦੇ ਹਿੱਸੇ ਤੋਂ ਵਿਰਾਸ ਦਿੱਤਾ ਹੈ। ਹਾਲਾਂਕਿ ਇੰਨਾ ਵੱਡਾ ਅਮੀਰ ਸਰਮਾਇਆ ਖੱਬੇ ਪੱਖ ਕੋਲ ਪਿਆ ਹੈ ਜਿਨ੍ਹਾਂ ਨੇ 1857 ਦੇ ਗਦਰ ਤੋਂ ਲੈ ਕੇ, ਗ਼ਦਰੀ ਬਾਬਿਆਂ ਤੱਕ ਅਤੇ ਮੁੜ ਸ਼ਹੀਦ-ਏ-ਆਜਮ ਭਗਤ ਸਿੰਘ ਅਤੇ ਫਿਰ ਤਲਗਾਂਨਾ ਦੇ ਸੰਘਰਸ਼ਾਂ ਇਥੋਂ ਤੱਕ ਕਿ ਸਭ ਤੋਂ ਵੱਡੀ 1967 ਦੀ ਕਿਸਾਨ ਬਗਾਵਤ ਤੋਂ ਸਿੱਖਿਆ ਸੀ ਅਤੇ ਪੰਜਾਬ ਕੋਲ ਆਪਣਾ ਇਕ ਬਹੁਤ ਵੱਡਾ ਰਾਜਨੀਤਕ ਇਤਿਹਾਸਕ ਪਿਛੋਕੜ ਹੈ ਜਿਸ ਨੂੰ ਜੇ ਸਹੀ ਰੂਪ ਵਿਚ ਖੱਬੇ ਪੱਖੀਆਂ ਨੇ ਆਪਣੇ ਸੰਘਰਸ਼ਾਂ ਦਾ ਹਿੱਸਾ ਨਾ

## ਉਜਾੜਾ ਤੇ ਗੋਬਿੰਦਪੁਰਾ

ਪੰਜਾਬ ਦੇ ਬਹੁਤ ਪਿੰਡ ਪੂੰਜੀਵਾਦ ਦੇ ਹਾਥੀ ਦੇ ਪੈਰਾਂ ਹੇਠਾਂ ਮਸਲੇ ਗਏ ਹਨ। ਹਾਲਾਂਕਿ ਕਿਸਾਨਾਂ ਦੀ ਸਭ ਤੋਂ ਪਵਿੱਤਰ ਰੁਜ਼ਗਾਰ ਵਾਲੀ ਪੂਜਣਯੋਗ ਜ਼ਮੀਨ ਉਨ੍ਹਾਂ ਦੇ ਹਿੱਸੇ 'ਚੋਂ ਖਤਮ ਹੁੰਦੀ ਜਾ ਰਹੀ ਹੈ।ਸਰਕਾਰ ਵਿਕਾਸ ਦੇ ਨਾਂ 'ਤੇ ਪਿੰਡਾਂ ਦੇ ਪਿੰਡ ਉਜਾੜਨ ਦੇ ਰਸਤੇ 'ਤੇ ਪਈ ਹੈ ਜਿਸ ਕਿਸਮ ਨਾਲ ਮਾਨਸਾ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਕਿਸ਼ਨਪੁਰਾ ਵਿਚ ਵਾਪਰਿਆ ਹੈ ਕਿ ਲਗਭਗ 2500 ਦੇ ਕਰੀਬ ਲੋਕਾਂ ਦੀ ਆਬਾਦੀ ਵਾਲਾ ਇਹ ਪਿੰਡ ਜਿਸ ਵਿਚ 40 ਪ੍ਰਤੀਸ਼ਤ ਲੋਕ ਉਹ ਸਨ ਜਿਹੜੇ ਆਪਣੀ ਕਿਰਤ ਦੇ ਸਿਰ 'ਤੇ ਆਪਣਾ ਨਿਰਬਾਹ ਕਰਦੇ ਹਨ ਉਨ੍ਹਾਂ ਵਿਚ ਤਰਖਾਣ, ਰਵਿਦਾਸੀਏ, ਜੁਲਾਹੇ, ਡੂਮ, ਸਜਖਾੜੇ ਆਦਿ ਸ਼ਾਮਲ ਸਨ। ਪਿੰਡ ਕੋਲ ਕੁੱਲ 1458 ਏਕੜ ਜ਼ਮੀਨ ਵਿਚੋਂ 806 ਏਕੜ ਸਰਕਾਰ ਨੇ ਥਰਮਲ ਪਲਾਂਟ ਲਗਾਉਣ ਲਈ ਹਾਸਲ ਕਰ ਲਈ ਅਤੇ ਬਚੀ ਖੁਚੀ 652 ਏਕੜ ਜ਼ਮੀਨ ਦੇ ਵੱਡ ਵਡੇਰਿਆਂ ਨੂੰ ਆਪਣੇ ਔਲਾਦ ਦਾ ਸਮਾਂ ਕੱਟਣ ਦਾ ਕੋਈ ਭਰੋਸਾ ਨਹੀਂ ਹੈ। ਸਰਕਾਰ ਵਲੋਂ ਪਿੰਡ ਦੀ ਜ਼ਮੀਨ ਅਗਉਣ ਤੋਂ ਬਾਅਦ 62 ਪਰਿਵਾਰ ਬਿਲਕੁਲ ਬੇਜ਼ਮੀਨੇ ਹੋ ਗਏ ਹਨ ਅਤੇ 123 ਪਰਿਵਾਰ ਛੋਟੇ ਕਿਸਾਨ ਜੋ ਕਿ ਵਾਹੀ ਛੱਡ ਚੁੱਕੇ ਹਨ ਅਤੇ ਖੇਤੀ ਨੂੰ ਆਪਣਾ ਧੰਦਾ ਰੱਖਣ ਦੇ ਯੋਗ ਨਹੀਂ। ਇਹ ਪਿੰਡ ਕੁਝ ਹੀ ਸਮੇਂ ਵਿਚ ਆਪਣੀ ਹੋਂਦ ਗਵਾਹ ਬੈਠੇਗਾ। ਹਾਲਾਂਕਿ ਜਿਸ ਪੱਧਰ 'ਤੇ ਲੋਕਾਂ ਨੇ ਸੰਘਰਸ਼ ਲੜਿਆ ਉਹ ਰਾਜਨੀਤਕ ਬਦਲ ਨਹੀਂ ਬਣ ਸਕਿਆ।ਇਹ ਸੋਚਣ ਦਾ ਸਵਾਲ ਹੈ।

ਬਣਾਇਆ ਤਾਂ ਉਹ ਹੌਲੀ ਹੌਲੀ ਹੁਕਮਰਾਨਾ ਹਿੱਸਾ ਬਣ ਜਾਵੇਗਾ।

ਸ਼ਹੀਦ ਭਗਤ ਸਿੰਘ ਦਾ ਇਕ ਕਥਨ ਅੱਜ ਵੀ ਬੜੀ ਸਾਰਥਿਕਤਾ ਰੱਖਦਾ ਹੈ ਕਿ ਜਦ ਤੱਕ ਸਮਾਜਵਾਦੀ ਲੋਕਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸ ਦੀ ਥਾਂ 'ਤੇ ਸਮਾਜਿਕ ਖੁਸ਼ਹਾਲੀ ਦੇ ਆਧਾਰ 'ਤੇ ਸਮਾਜਿਕ ਢਾਂਚਾ ਨਹੀਂ ਉਸਾਰਿਆ ਜਾਂਦਾ ਤਾਂ ਜੰਗ ਹੋਰ ਵਧੇਰੇ ਜੋਸ਼ ਵੱਧ ਕੇ ਨਿਡਰਤਾ, ਬਹਾਦਰੀ ਅਤੇ ਅਟਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ।ਅੱਜ ਵੀ ਇਹ ਵਿਆਖਿਆਨ ਸਾਨੂੰ ਆਪਣੇ ਜ਼ਹਿਨ 'ਚ ਵਸਾਉਣਾ ਚਾਹੀਦਾ ਹੈ ਜਿਹੜਾ ਇਕ ਬਦਲਵੇਂ ਮਾਡਲ ਦੀ ਵਕਾਲਤ ਕਰਦਾ ਹੈ।ਇਹ ਵਿਚਾਰ ਅਜੋਕੀ ਜਿਸ ਕਿਸਮ ਨਾਲ ਪੰਜਾਬ ਦੀ ਰਾਜਨੀਤੀ ਵਿਚ ਘਰ ਕਰ ਗਏ ਹਿੱਸਿਆਂ ਦੇ ਬਦਲ ਦੇ ਤੌਰ 'ਤੇ ਸਥਾਪਤ ਕਰਨ ਦੀ ਲੋੜ ਹੈ ਇਸ ਰਸਤੇ ਨੂੰ ਚੁਣਨਾ ਚਾਹੀਦਾ ਹੈ ਨਾ ਕਿ ਮੌਜੂਦਾ ਮੌਕਾਪ੍ਰਸਤੀ ਦੇ ਜੋੜ ਮੇਲ ਵਿਚ ਹੀ ਉਲਝਣਾ ਚਾਹੀਦਾ ਹੈ। ਪੰਜਾਬ ਤੋਂ ਬਾਹਰ ਦੇਸ਼ ਦੇ ਅੰਦਰ ਜਿਸ ਕਿਸਮ ਨਾਲ ਲੋਕਾਂ ਨੇ ਜੰਮੂ ਕਸ਼ਮੀਰ ਤੋਂ ਲੈ ਕੇ ਨਾਗਾਲੈਂਡ, ਮਨੀਪੁਰ, ਤ੍ਰਿਪਰਾ, ਅਰੁਣਾਚਲ ਪ੍ਰਦੇਸ਼, ਅਸਾਮ,ਬੰਗਾਲ, ਬਿਹਾਰ, ਮਿਜ਼ੋਰਮ, ਛਤੀਸ਼ਗੜ੍ਹ, ਝਾਰਖੰਡ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਆਦਿ ਸਥਾਨਾਂ 'ਤੇ ਆਪਣੇ ਕੁਦਰਤੀ ਸਰੋਤਾਂ ਦੀ ਖਾਤਰ ਲੜਾਈਆਂ ਲੜੀਆਂ ਹਨ।ਉਨ੍ਹਾਂ ਨੂੰ ਵੀ ਆਪਣੀ ਸਮਝਦਾਰੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਅਤੇ ਇਹ ਗੱਲ ਪ੍ਰਚਾਰਨੀ ਚਾਹੀਦੀ ਹੈ ਕਿ ਜਿਥੇ ਜਿਥੇ ਲੋਕ ਸੰਘਰਸ਼ ਤਕੜੇ ਹਨ ਉਥੇ ਹੀ ਇਕ ਬਦਲਵੇਂ ਕਿਸਮ ਦੇ ਪ੍ਰਬੰਧ ਸਥਾਪਤ ਹੋਣ ਦੀ ਗੁੰਜ਼ਾਇਸ਼ ਬਣਦੀ ਜਾ ਰਹੀ ਹੈ।ਸੋ ਲੋੜ ਇਸ ਗੱਲ ਹੈ ਕਿ ਲੋਕਾਂ ਵਿਚ ਜਦਕਿ ਤੱਕ ਪੂੰਜੀਵਾਦ ਦੇ ਬਦਲਦੇ ਤੌਰ 'ਤੇ ਇਕ ਸਿਸਟਮ ਦੀ ਵਕਾਲਤ ਅਤੇ ਸਮਝਦਾਰੀ ਵਿਕਸਿਤ ਨਹੀਂ ਕੀਤੀ ਜਾਂਦੀ ਤਦ ਤੱਕ ਖੱਬੇ ਪੱਖੀ ਹਿੱਸੇ ਅਜੋਕੀ ਰਾਜਨੀਤੀ ਦੇ ਹਿੱਸਿਆਂ ਵਿਚ ਸ਼ਾਮਲ ਹੋ ਕੇ ਆਪਣੀ ਹੋਂਦ ਨੂੰ ਤਾਂ ਬਚਾ ਲੈਣਗੇ ਬਲਕਿ ਕਿਸੇ ਵੀ ਹੱਦ ਤੱਕ ਲੋਕਾਂ ਦੀ ਮੁਕਤੀ ਦਾ ਰਸਤਾ ਅੱਗੇ ਨਹੀਂ ਤੋਰ ਸਕਣਗੇ।ਅਜੋਕੇ ਪੰਜਾਬ ਦੇ ਰਾਜਨੀਤਕ ਮਾਹੌਲ ਵਿਚ ਲੋਕਾਂ ਦੀ ਸਿਆਸਤ ਨੂੰ ਕੇਂਦਰ ਵਿਚ ਰੱਖ ਕੇ ਇਹ ਸਵਾਲ ਖੜ੍ਹੇ ਕਰਨੇ ਚਾਹੀਦੇ ਹਨ ਕਿ ਵਿਕਾਸ ਕਿਸ ਲਈ? ਵਿਕਾਸ ਕਿਸ ਦੇ ਹਿੱਤ ਵਿਚ ਕੀਤਾ ਜਾ ਰਿਹਾ ਹੈ? ਵਿਕਾਸ ਦੇ ਨਤੀਜਿਆਂ ਦਾ ਨਫ਼ਾ ਕਿਸ ਨੂੰ ਹੋਵੇਗਾ?ਕਿਸ ਕਿਸਮ ਦੀ ਸਮਾਜ ਅਤੇ ਉਸ ਦਾ ਆਲੇ ਦੁਆਲੇ ਸਿਰਜਿਆ ਜਾਵੇਗਾ?ਕੀ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ ਜਾਂ ਮੰਡੀ ਵਿਚ ਨਫ਼ੇ ਨੂੰ ਕੇਂਦਰ ਵਿਚ ਰੱਖਿਆ ਜਾਵੇਗਾ? ਕੀ ਵੱਧ ਤੋਂ ਵੱਧ ਲੋਕਾਂ ਜਿਨ੍ਹਾਂ ਵਿਚ ਗਰੀਬ ਤੇ ਆਮ ਲੋਕ ਹਨ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ? ਕੀ ਵਾਤਾਵਰਣ ਪੱਖੀ ਸਮਾਜ ਹੋਵੇਗਾ ਜਾਂ ਖਪਤੀ ਭੁੱਖੇ ਮਨੁੱਖ ਵਾਲਾ ਸਮਾਜ ਹੋਵੇਗਾ?ਲੋਕਾਂ ਦਾ ਜੀਵਨ ਪੱਧਰ ਵੱਡੇ ਹਿੱਸੇ ਲਈ ਕਿਸ ਸਟੈਂਡਰ ਦਾ ਹੋਵੇਗਾ?ਲੋਕਾਂ ਦੇ ਸਰੋਤ ਉਨ੍ਹਾਂ ਦੀ ਰੱਖਿਆ ਅਤੇ ਉਨ੍ਹਾਂ ਨੂੰ ਇਕ ਸ਼ਾਨਦਾਰ ਸ਼ਹਿਰੀ ਦੇ ਤੌਰ 'ਤੇ ਜਿਊਣ ਲਈ ਕਿਸ ਕਿਸਮ ਦੀਆਂ ਸਹੂਲਤਾਂ ਦਾ ਪ੍ਰਬੰਧ ਹੋਵੇਗਾ? ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ, ਸਿਹਤ ਸਹੂਲਤਾਂ ਅਤੇ ਉਨ੍ਹਾਂ ਦੇ ਰੁਜ਼ਗਾਰ ਕਿਸ ਕਿਸਮ ਦੀ ਆਰਥਿਕਤਾ ਵਿਚੋਂ ਨਿਕਲਣਗੇ? ਸੋ ਉਪਰੋਕਤ ਸਵਾਲਾਂ ਨੂੰ ਲੈ ਕੇ ਇਕ ਕਿਸਮ ਦਾ ਲੋਕ ਪੱਖੀ ਲੋਕਾਂ ਦੇ ਸਰੋਤਾਂ 'ਤੇ ਆਧਾਰਤ ਵਿਕਾਸ ਮਾਡਲ ਜਿਸ ਵਿਚ ਉਨ੍ਹਾਂ ਦੀ ਤਾਕਤ ਅਤੇ ਉਨ੍ਹਾਂ ਦੀਆਂ ਲੋੜਾਂ ਅਤੇ ਸਮਰਥਾਵਾਂ ਨੂੰ ਇਸ ਤਰ੍ਹਾਂ ਯੋਗਨਾਬੱਧ ਕੀਤਾ ਜਾਵੇ ਕਿ ਜਿਸ ਨਾਲ ਉਨ੍ਹਾਂ ਦੀ ਕਿਰਿਆਸ਼ੀਲ ਸ਼ਕਤੀ ਉਪਰ ਆਧਾਰਤ ਸਮਾਜ ਅਤੇ ਆਰਥਿਕਤਾ ਜਥੇਬੰਦਕ ਹੋ ਸਕੇ। ਇਸ ਕਾਰਜ ਲਈ ਹਰ ਕਿਸਮ ਦਾ ਜਥੇਬੰਦਕ ਤਾਣਾਬਾਣਾ ਉਸਾਰਨਾ ਹੀ ਇਕ ਸਮਾਜਵਾਦੀ ਵਿਕਾਸਸ਼ੀਲ ਮਾਡਲ ਦੇ ਤੌਰ 'ਤੇ ਵਿਕਸਿਤ ਕਰਨ ਵਿਚ ਰਸਤਾ ਸਥਾਪਤ ਹੋ ਸਕਦਾ ਹੈ।



## ਬਖਸ਼ਿਆ ਕਿਸੇ ਵੀ ਨੀ

ਪੰਜਾਬ ਵਿਚ ਧੀਆਂ-ਧਿਆਣੀਆਂ ਨੂੰ ਜਨਤਕ ਤੌਰ 'ਤੇ ਥੱਪੜ ਵੱਜੇ ਹਨ।ਚਾਹੇ ਇਹ ਕਾਂਗਰਸ ਦਾ ਸਮਾਂ ਸੀ ਅਤੇ ਚਾਹੇ ਹੁਣ ਬਾਦਲ ਸਰਕਾਰ ਦਾ ਸਮਾਂ ਸੀ ਜਿਸ ਕਿਸਮ ਨਾਲ ਤਸ਼ੱਦਦ ਦੀਆਂ ਤਸਵੀਰਾਂ ਲੋਕਾਂ ਦੇ ਸਾਹਮਣੇ ਆਈਆਂ ਨੇ ਉਨ੍ਹਾਂ ਨੇ ਦੋਵਾਂ ਧਿਰਾਂ ਦੇ ਹਾਲਾਤ ਨੂੰ ਲੋਕਾਂ ਸਾਹਮਣੇ ਨਸ਼ਰ ਕੀਤਾ ਹੈ ਕਿ ਜਿਹੜਾ ਵੀ ਇਨ੍ਹਾਂ ਦੇ ਰਾਜ ਦੇ ਸਮੇਂ ਇਨ੍ਹਾਂ ਖਿਲਾਫ਼ ਖੜ੍ਹਾ ਹੋਵੇਗਾ ਉਸ ਨਾਲ ਅਜਿਹਾ ਹੀ ਹਸ਼ਰ ਹੋਵੇਗਾ।ਦੁਨੀਆ ਭਰ 'ਚ ਸ਼ਾਇਦ ਹੀ ਕੋਈ ਸੰਘਰਸ਼ ਦੀ ਅਜਿਹੀ ਵਿਧੀ ਅਪਣਾਈ ਗਈ ਹੋਵੇ ਜਿਹੜੀ ਪੰਜਾਬ ਵਿਚ ਪੜ੍ਹੇ ਲਿਖੇ ਨੌਜਵਾਨਾਂ ਨੇ ਪਾਣੀ ਟੈਂਕੀਆਂ 'ਤੇ ਚੜ੍ਹ ਕੇ ਆਪਣੇ ਆਪ ਨੂੰ ਖਤਮ ਹੋਣ ਤੱਕ ਲਿਜਾਇਆ ਹੈ।ਅਜਿਹੇ ਸੰਘਰਸ਼ ਕਦੇ ਵੀ ਪੰਜਾਬ ਦਾ ਹਿੱਸਾ ਨਹੀਂ ਰਹੇ।ਲੋਕ ਲੜੇ ਹਨ ਉਨ੍ਹਾਂ ਨੇ ਖੁਦਕੁਸ਼ੀਆਂ ਨਹੀਂ ਕੀਤੀਆਂ ਪਰ ਬੌਧਿਕ ਸਥਿਤੀ ਦਾ ਕੰਗਾਲੀਆਪਣ ਇਹ ਹੈ ਕਿ ਲੋਕ ਜੀਵਨ ਨਾਲੋਂ ਮੌਤ ਨੂੰ ਪਹਿਲ ਦੇ ਰਹੇ ਹਨ ਜਦੋਂ ਇਹ ਹੁਕਮਰਾਨ ਲੋਕਾਂ 'ਤੇ ਰਾਜ ਕਰਦੇ ਹਨ।ਅਜਿਹੀ ਸਥਿਤੀ ਵਿਚ ਕਿਸੇ ਕਿਸਮ ਦਾ ਕੋਈ ਬਦਲ ਭਲਾਂ ਨੇੜ ਭਵਿੱਖ ਵਿਚ ਦਿਖਾਈ ਨਹੀਂ ਦਿੰਦਾ ਪ੍ਰੰਤੂ ਸੰਘਰਸ਼ਾਂ ਨੂੰ ਸਹੀ ਕਿਸਮ ਨਾਲ ਰਾਜਨੀਤਕ ਪੁੱਠ ਚਾੜ੍ਹਨਾ ਸਮੇਂ ਦੀ ਅਣਸਰਦੀ ਲੋੜ ਹੈ।

- ਜਸਦੇਵ ਲਲਤੋਂ

# ਸਮਾਜਿਕ ਸਮੱਸਿਆਵਾਂ ਤੇ ਸੰਸਥਾਵਾਂ



*ਵਿਰਸਿਆ ਤੂੰ ਬਲਵਾਨ ਹੈਂ ਤੇਰੇ ਅੰਦਰ ਅੱਜ ਵੀ ਦੂਰ ਅੰਦੇਸ਼ੀ ਹੈ। ਤੂੰ ਸਾਨੂੰ ਅੱਜ ਵੀ ਸੰਕਟ ਦੇ ਦੌਰ 'ਚ ਨਵੀਂ ਰੌਸ਼ਨੀ ਅਤੇ ਜਾਗਰਤੀ ਪ੍ਰਦਾਨ ਕਰਨ ਦੀ ਤਾਕਤ ਰੱਖਦਾ ਹੈਂ। ਤੈਨੂੰ ਭਲਾਉਣ ਨਾਲ ਸਾਨੂੰ ਆਪਣਾ ਆਪ ਵੀ ਭੁੱਲ ਜਾਏਗਾ। ਹਾਲਾਂਕਿ ਸਮੇਂ ਦੀਆਂ ਹਕੂਮਤਾਂ ਤੁਹਾਨੂੰ ਆਪਣੇ ਲਈ ਵਰਤਣ ਦੀ ਕੋਸ਼ਿਸ਼ ਕਰਦੀਆਂ ਹਨ ਪਰ ਤੁਸੀਂ ਤੇ ਤੁਹਾਡੇ ਵਿਚਾਰ ਸਾਡੇ ਵਿਚਾਰਾਂ ਲਈ ਹਨ।*

ਜਿਸ ਕਿਸਮ ਨਾਲ ਵਿਦੇਸ਼ਾਂ ਵਿਚ ਬੈਠੇ ਭਾਰਤੀ ਪੰਜਾਬੀ ਸਮਾਜ ਨੂੰ ਦੇਖ ਰਹੇ ਹਨ ਉਸ ਵਿਚ ਉਨ੍ਹਾਂ ਨੂੰ ਜਾਪਦਾ ਹੈ ਕਿ ਜੇ ਅਸੀਂ ਗਦਰੀ ਬਾਬਿਆਂ ਵਾਂਗ ਕੋਈ ਵੱਡੀ ਤਬਦੀਲੀ ਅਜੇ ਕਰਨ ਤੋਂ ਦੂਰ ਹਾਂ ਤਾਂ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਸਾਨੂੰ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ। ਹਾਲਾਂਕਿ ਗਦਰੀ ਬਾਬਿਆਂ ਦੀ ਵਿਰਾਸਤ ਪੰਜਾਬ ਦੇ ਬਹੁਤ ਵੱਡੇ ਹਿੱਸੇ ਵਿਚ ਅੱਜ ਵੀ ਕਾਰਜਸ਼ੀਲ ਹੈ ਉਸ ਦੀ ਲੜੀ ਵਜੋਂ ਲਗਾਤਾਰ ਜਦੋਂ ਗਦਰੀ ਬਾਬਿਆਂ ਦਾ ਮੇਲਾ ਲਗਦਾ ਹੈ ਤਾਂ ਪਿੰਡਾਂ ਦੇ ਪਿੰਡ ਹਰ ਕਿਸਮ ਨਾਲ ਮਦਦ ਕਰਦੇ ਹਨ ਇਸੇ ਤਰ੍ਹਾਂ ਗਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਵਿਖੇ ਗਦਰੀ ਬਾਬਾ ਮੈਮੋਰੀਅਲ ਕਮੇਟੀ ਦੇ ਕਾਮਰੇਡ ਰਣਜੋਧ ਸਿੰਘ ਅਤੇ ਕਾਮਰੇਡ ਜਗਦੇਵ ਸਿੰਘ ਲਲਤੋਂ ਨੇ ਵਾਤਾਵਰਣਿਕ ਹਾਲਾਤ ਵਿਗੜਣ ਕਾਰਨ ਪੈਦਾ ਹੋਈ ਭਿਆਨਕ ਬਿਮਾਰੀ ਕੈਂਸਰ ਨੂੰ ਚੈਕਅਪ ਕਰਾਉਣ ਲਈ ਲਗਭਗ ਵੱਡੀ ਗਿਣਤੀ ਵਿਚ ਔਰਤਾਂ ਤੇ ਮਰਦਾਂ ਦਾ ਆਧੁਨਿਕ ਤਕਨੀਕ ਨਾਲ ਵਿਸ਼ਲੇਸ਼ਣ ਕੀਤਾ। ਹਾਲਾਂਕਿ ਇਹ ਜ਼ਿੰਮੇਵਾਰੀ ਸਰਕਾਰੀ ਪੱਧਰ ਦੀਆਂ ਬਣਦੀਆਂ ਹਨ ਪ੍ਰੰਤੂ ਜਿਸ ਕਿਸਮ ਨਾਲ ਇੰਦਰ ਸਿੰਘ ਮੈਮੋਰੀਅਲ ਡਿਸਪੈਂਸਰੀ ਦੇ ਸੰਚਾਲਕ ਬਲਵੰਤ ਸਿੰਘ ਯੂ. ਕੇ. ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਰਣਜੀਤ ਕੌਰ ਨੇ ਬਤੌਰ ਸਮਾਜਿਕ ਕਾਰਕੁੰਨ ਇਸ ਵਿਚ ਭੂਮਿਕਾ ਨਿਭਾਈ ਇਸ ਨਾਲ ਇਕ ਕਿਸਮ ਦੀ ਸਮਾਜਿਕ ਚੇਤਨਾ ਜੋ ਕਿ ਸਿਹਤ ਪ੍ਰਤੀ ਵਿਕਸਿਤ ਹੋ ਰਹੀ ਹੈ ਉਸ ਵਿਚ ਚੰਗਾ ਯੋਗਦਾਨ ਪਾਇਆ। ਇਸ ਨਾਲ ਇਹ ਗੱਲ ਲੋਕਾਂ ਵਿਚ ਅਕਸਰ ਚਰਚਾ ਦਾ ਵਿਸ਼ਾ ਰਹੀ ਹੈ ਕਿ ਜਿਸ ਕਿਸਮ ਨਾਲ ਪੰਜਾਬ ਦੇ ਅੰਦਰ ਵੱਖ ਵੱਖ ਪੱਧਰ ਦੀਆਂ ਬਿਮਾਰੀਆਂ ਲੋਕਾਂ ਦੀ ਸਿਹਤ ਨੂੰ ਖਰਾਬ ਕਰ ਰਹੀਆਂ ਹਨ ਉਸ ਦੇ ਜ਼ਿੰਮੇਵਾਰ ਤਾਂ ਮੌਜੂਦਾ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਰਚਨਾ ਹੈ ਜਿਸ ਪ੍ਰਤੀ ਗਦਰੀ ਬਾਬਿਆਂ ਨੇ ਆਵਾਜ਼ ਉਠਾਈ ਸੀ ਭਲਾਂ ਉਨ੍ਹਾਂ ਦਾ ਉਹ ਕਾਰਜ ਸਫ਼ਲ ਨਹੀਂ ਹੋ ਸਕਿਆ ਫਿਰ ਵੀ ਗਦਰੀ ਬਾਬਿਆਂ ਦੇ ਸੁਪਨੇ ਸਾਕਾਰ ਕਰਨ ਲਈ ਅੱਜ ਵੀ ਲਲਤੋਂ ਪਿੰਡ ਸਮੁੱਚੇ ਦੁਨੀਆਂ ਦੇ ਪੈਮਾਨੇ 'ਤੇ ਬਾਬਾ ਗੁਰਮੁਖ ਸਿੰਘ ਲਲਤੋਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਨ੍ਹਾਂ ਨੇ ਬਰਤਾਨਵੀ ਹਕੂਮਤ ਦੇ ਖਿਲਾਫ਼ ਇਸ ਕਿਸਮ ਦੀ ਸੋਚ ਵਿਕਸਿਤ ਕੀਤੀ ਸੀ ਕਿ ਰਾਜਨੀਤੀ ਲਈ ਜ਼ਰੂਰੀ ਹੈ ਇਕ ਸੁਪਨੇ ਦਾ ਹੋਣਾ ਅਤੇ ਦੂਸਰਾ ਪ੍ਰਤੀਬੱਧ ਕਿਸਮ ਦੀ ਸ਼ਖਸੀਅਤ ਦਾ ਹੋਣਾ ਅਤੇ ਤੀਸਰਾ ਆਪਣਾ ਟੀਚਾ ਸਪਸ਼ਟ ਹੋਣਾ। ਇਹ ਗ਼ਦਰੀ ਬਾਬਿਆਂ ਨੂੰ ਪੂਰੀ ਤਰ੍ਹਾਂ ਸਪਸ਼ਟ ਸੀ ਕਿ ਇਸ ਧਾਰਾ ਦੀ ਪੂਰੀ ਹਿੱਤ ਅੱਜ ਵੀ ਜੇ ਕੋਈ ਸਮਾਜਿਕ ਕਾਰਜ ਕਰਕੇ ਇਸ ਦਿਸ਼ਾ ਵੱਲ ਕਦਮ ਵਧਾਉਂਦਾ ਹੈ ਤਾਂ ਇਸ ਨਾਲ ਪ੍ਰਸਿੱਧ ਵਿਦਵਾਨ ਹਾਵਰਡ ਜੈਨ ਅਨੁਸਾਰ ਕਿ ਲਗਾਤਾਰ ਸੁਧਾਰ ਦੇ ਸਵਾਲ ਨੂੰ ਸੰਬੋਧਨ ਹੁੰਦਿਆਂ ਵੱਡੀਆਂ ਤਬਦੀਲੀਆਂ ਵੱਲ ਨੂੰ ਤਦ ਹੀ ਵਧਿਆ ਜਾ ਸਕਦਾ। ਇਸ ਦਿਸ਼ਾ ਵੱਲ ਇਹ ਕਦਮ ਬੜੀ ਮਹੱਤਤਾ ਰੱਖਦੇ ਹਨ ਪ੍ਰੰਤੂ ਖਦਸ਼ਾ ਇਹ ਰਹਿੰਦਾ ਹੈ ਕਿ ਕਈ ਵਾਰੀ ਇਹ ਸਿਰਫ਼ ਇਥੋਂ ਤੱਕ ਹੀ ਸੁੰਘੜ ਜਾਂਦੇ ਹਨ ਅਤੇ ਸਮੇਂ ਦੀਆਂ ਸਥਾਪਤ ਤਾਕਤਾਂ ਇਨ੍ਹਾਂ ਕਾਰਜਾਂ ਨੂੰ ਆਪਣੀ ਰਾਜਨੀਤੀ ਲਈ ਇਸਤੇਮਾਲ ਕਰਨਾ ਵੀ ਸ਼ੁਰੂ ਕਰ ਦਿੱਤੀਆਂ ਹਨ ਪ੍ਰੰਤੂ ਜਿਸ ਕਿਸਮ ਦੀ ਕਾਰਜਸ਼ੀਲ ਟੀਮ ਇਸ ਵਿਚ ਸ਼ਾਮਲ ਹੈ ਉਸ ਵਿਚ ਸਮਾਜ ਦੀ ਸਮੁੱਚੀ ਸੰਰਚਨਾ ਪ੍ਰਤੀ ਸਹੀ ਸਮਝਦਾਰੀ ਹੈ।

- ਜਗਜੀਤ ਸਿੰਘ ਗੁਰਮ

*ਇਹ ਕੋਈ ਕਾਵਿਕ ਅੰਦਾਜ਼ ਨਹੀਂ ਬਲਕਿ ਹਰ ਖਿੱਤੇ ਦੀ ਹੋਣੀ 'ਤੇ ਅਣਹੋਣੀ ਹੈ ਉਸ ਨੂੰ ਉਜੇਕਿਸਤਾਨ ਵੀ ਕਿਹਾ ਜਾ ਸਕਦਾ ਹੈ, ਉਸ ਨੂੰ ਸਿੰਧ ਵੀ ਕਿਹਾ ਜਾਂਦਾ ਹੈ, ਉਸ ਨੂੰ ਅਫਗਾਨਿਸਤਾਨ ਵੀ ਕਿਹਾ ਜਾਂਦਾ ਹੈ। ਉਸ ਨੂੰ ਸੱਤ ਸਮੁੰਦਰੋਂ ਪਾਰ ਦਾ ਕੋਈ ਹਿੱਸਾ ਕਿਹਾ ਜਾ ਸਕਦਾ ਹੈ। ਉਸ ਨੂੰ ਦੂਰ ਤੱਕ ਵਸੇ ਲਾਤੀਨੀ ਅਮਰੀਕਾ ਦਾ ਛੋਟਾ ਜਾਂ ਵੱਡਾ ਦੇਸ਼ ਵੀ ਕਿਹਾ ਜਾ ਸਕਦਾ ਹੈ। ਉਹ ਕਿਸੇ ਕਾਲੇ ਮੁਲਕ ਦੇ ਵਾਸੀ ਅਫ਼ਰੀਕਨ ਵੀ ਹੋ ਸਕਦੇ ਹਨ। ਇਨ੍ਹਾਂ ਸਭ ਦੀਆਂ ਕੁਝ ਸਾਂਝਾ ਅੱਜ ਦੀ ਦੁਨੀਆ ਵਿਚ ਇਕੋ ਜਿਹੀਆਂ ਹਨ। ਇਨ੍ਹਾਂ ਦੇ ਦੁੱਖਾਂ ਦਰਦ ਇਕੋ ਜਿਹੇ ਹਨ। ਇਨ੍ਹਾਂ ਦੀ ਹੋਣੀ ਤੇ ਅਣਹੋਣੀ ਇਕੋ ਜਿਹੀ ਹੈ। ਇਨ੍ਹਾਂ ਨੂੰ ਕੋਈ ਵੀ ਕਿਸੇ ਵੀ ਸਮੇਂ ਆਪਣੇ ਨਫਿਆਂ, ਫਾਇਦਿਆਂ ਲਈ ਉਜਾੜ ਸਕਦਾ ਹੈ। ਇਨ੍ਹਾਂ ਦੇ ਆਪਣੇ ਕਿਰਤ ਦੇ ਟੁਕੜੇ ਆਪਣੇ ਕੋਲ ਨਹੀਂ ਰਹੇ। ਦੂਰ ਤੱਕ ਬੈਠੇ ਵੱਡੇ ਘਰਾਣੇ ਜਦੋਂ ਚਾਹੁਣ ਇਨ੍ਹਾਂ ਦਾ ਮੁੱਲ ਪਾ ਸਕਦੇ ਹਨ ਅਤੇ ਇਨ੍ਹਾਂ ਨੂੰ ਆਪਣੀ ਹੋਣੀ ਜਾਂ ਅਣਹੋਣੀ ਦਾ ਹਿੱਸਾ ਬਣਾ ਸਕਦੇ ਹਨ। ਇਨ੍ਹਾਂ ਦੇ ਹਿਸਾਬ ਕਿਤਾਬ ਕੁਝ ਵੱਖਰੇ ਹੀ ਹਨ। ਇਨ੍ਹਾਂ ਮੁਲਕਾਂ ਨੂੰ ਕੌਣ ਕਿਵੇਂ ਆਵਾਜ਼ ਦੇਵੇਗਾ ਕਿ ਆਪਣੀਆਂ ਹੋਣੀਆਂ ਦੇ ਆਪ ਮਾਲਕ ਬਣਨ। ਪ੍ਰਸੰਗ ਭਲਾਂ ਇਕ ਖਿੱਤੇ ਦਾ ਹੈ ਪ੍ਰੰਤੂ ਹਕੀਕਤ ਦੁਨੀਆ ਦੇ ਕੋਨਿਆਂ ਦੀ ਹੈ। ਇਸ ਪ੍ਰਤੀ ਆਪਣੇ ਸਰੋਕਾਰ ਲਗਾਤਾਰ ਆਵਾਜ਼ਾਂ ਮਾਰ ਰਹੇ ਹਨ ਕਿ ਅਸੀਂ ਕਦ ਤੱਕ ਆਪਣੀ ਤਰਾਸ਼ਦੀ ਨੂੰ ਵਧਾਉਂਦੇ ਜਾਵਾਂਗੇ ਅਤੇ ਸਾਡੀ ਕਿਸਮਤ ਦਾ ਫੈਸਲਾ ਵੱਡੀਆਂ ਵੱਡੀਆਂ ਕਾਰਪੋਰੇਟ ਘਰਾਣਿਆਂ ਦੀਆਂ ਚਾਲਕ ਸ਼ਕਤੀਆਂ ਕਰਨਗੀਆਂ। ਉਨ੍ਹਾਂ ਦਾ ਹਿੱਸਾ ਬਣੇ ਸਮੇਂ ਦੇ ਸਿਆਸਤਦਾਨ ਆਪਣੀ ਤਾਕਤ ਕਦ ਤੱਕ ਸਾਡੇ 'ਤੇ ਚਲਾਉਂਦੇ ਰਹਿਣਗੇ। ਜ਼ਰਾ ਸੋਚਣ ਤੇ ਰੋਕਣ ਤੋਂ ਪਹਿਲਾਂ ਆਪਣੇ ਹਲਾਤਾਂ ਨੂੰ ਸਮਝੋ ਉਨ੍ਹਾਂ 'ਚ ਇਕ ਨਵੀਂ ਸਮਝਦਾਰੀ ਪ੍ਰਦਾਨ ਕਰੋ ਨਹੀਂ ਤਾਂ ਤੁਹਾਡੇ ਸਾਹਮਣੇ ਕਾਵਿਕ ਢੰਗ ਨਾਲ ਪੰਜਾਬ ਦੀ ਪੇਸ਼ਕਾਰੀ ਕਰਨ ਵਾਲੇ ਬੇਚੈਨ ਕਵੀ ਜ਼ਰੂਰ ਤੁਹਾਨੂੰ ਕੁਝ ਸਮੇਂ ਲਈ ਪ੍ਰੇਸ਼ਾਨ ਕਰਨਗੇ ਪ੍ਰੰਤੂ ਸਥਿਤੀ ਤਦ ਹੀ ਬਦਲਗੇ ਜਦ ਤੁਸੀਂ ਇਸ ਦਿਸ਼ਾ ਵੱਲ ਸੋਚੋਗੇ ਕਿ ਕਿੰਝ ਬਦਲਣਾ ਹੈ ਸਾਡਾ ਸਮਾਜ ਜੋ ਤਬਦੀਲੀ ਦੀ ਮੰਗ ਕਰਦਾ ਹੈ। - ਸੰਪਾਦਕ*

ਨਾ ਕਿਧਰੇ ਪੰਜ ਪਾਣੀ ਦਿਖਦੇ, ਕਿਧਰ ਗਿਆ ਪੰਜਾਬ।
ਸੇਹ ਦਾ ਤਕਲਾ ਗੱਡਣ ਵਾਲੇ, ਦੇਣ ਨਾ ਕੋਈ ਜਵਾਬ।
ਵੰਡਣ ਵਾਲੇ ਵੰਡੀਆਂ ਪਾ ਗਏ, ਰਹਿ ਗਏ ਢਾਈ ਆਬ।
ਪੂਰਬ ਕੰਨੀਓਂ ਆਉਂਦੇ ਟੋਲੇ, ਉਹ ਵੀ ਕਰਨ ਖਰਾਬ।
ਥਾਂ ਥਾਂ ਉਤੇ ਜ਼ਹਿਰਾਂ ਵਾਲੇ, ਬੀਜ ਬੀਜਦੇ ਜਾਵਣ।
ਟੁਟਦੀਆਂ ਜਾਂਦੀਆਂ ਬਾਹਾਂ ਵਾਲੇ, ਝੋਰੇ ਸਾਨੂੰ ਖਾਵਣ।
ਹਰ ਪਿੰਡ ਤੇ ਹਰ ਸ਼ਹਿਰ ਮੇਰੇ ਨੂੰ, ਨਸ਼ਿਆਂ ਪਾਇਆ ਘੇਰਾ।
ਨਸ ਨਸ ਕੌੜਾ ਧੂੰਆਂ ਰਚਿਆ, ਧੁੰਦਲਾ ਚਾਰ ਚੁਫੇਰਾ।
ਸੋਹਣੇ ਗੱਭਰੂ ਤੇ ਮੁਟਿਆਰਾਂ, ਕਿਧਰ ਗਏ ਗਵਾਚ।
ਭੰਗੜੇ, ਗਿੱਧੇ ਟੀ.ਵੀ. ਜੋਗੇ, ਖੋ ਗਏ ਮਨ ਦੇ ਨਾਚ।
ਮਿੱਤਰਾਂ ਉਤੇ ਜਾਨਾਂ ਵਾਰਨ, ਵਾਲੇ ਨਜ਼ਰ ਨਾ ਆਉਂਦੇ।
ਬਾਂਹ ਫੜ ਸਾਥ ਨਿਭਾਵਣ ਵਾਲੇ, ਕਿਸੇ ਕੰਢੇ ਨਾ ਲਾਉਂਦੇ।
ਗਿਰਗਿਟ ਵਾਂਗੂੰ ਰੰਗ ਬਦਲੀਏ, ਸਾਨੂੰ ਇਹ ਕੀ ਹੋਇਆ।
ਪੰਜਾਬ ਮੇਰੇ ਦੀ ਖੁਸ਼ਹਾਲੀ ਨੂੰ, ਖਾ ਗਏ ਲੋਟੂ ਟੋਲੇ।
ਹੱਥਾਂ 'ਤੇ ਹੱਥ ਰੱਖ ਹਾਂ ਬੈਠੇ, ਮੂੰਹੋਂ ਕੁਝ ਨਾ ਬੋਲੇ।
ਕੁੱਤੀ ਚੋਰਾਂ ਸੰਗ ਰਲੀ ਹੈ, ਕਿਹਨੂੰ ਜਾ ਕੁਝ ਕਹੀਏ।
ਲਾਰੇ ਤੇ ਧਰਵਾਸੇ ਦੇਵਣ, ਚੁੱਪ ਚਾਪ ਸਭ ਸਹੀਏ।
ਹਮਕੇ ਤੁਮਕੇ ਸਾਡੇ ਵਿਹੜੇ, ਪੈਲਾਂ ਪਾਉਂਦੀ ਫਿਰਦੀ।
ਮਾਂ ਬੋਲੀ ਨੂੰ ਕਿੰਝ ਸੰਭਾਲਾਂ, ਜਾਵੇ ਹੱਥੋਂ ਕਿਰਦੀ।
ਬਾਬਿਆਂ ਵਰਗੇ ਰੁੱਖਾਂ ਦੇ ਅਸਾਂ, ਵੱਢ ਵੱਢ ਢੇਰ ਲਗਾਏ।
ਸੱਜਰੀ ਪੌਣ ਨੂੰ ਲੱਭਦੇ ਫਿਰਦੇ, ਹੁਣ ਆਦਮ ਦੇ ਜਾਏ।
ਸ਼ਾਂਤੀ ਅੰਮ੍ਰਿਤ ਵੇਲੇ ਦੀ ਹੁਣ, ਖਾ ਲਈ ਚੀਕ ਚਿਹਾੜੇ।
ਚੰਨ ਸੂਰਜ ਖਾ ਗੰਦੀਆਂ ਨਜ਼ਰਾਂ, ਪਾਉਂਦੀਆਂ ਨਿੱਤ ਪੁਆੜੇ।
ਆਪਣੇ ਹੱਥੀਂ ਅਜੇ ਤਾਂ ਸਭ ਕੁਝ, ਲਈਏ ਵਕਤ ਸੰਭਾਲ।
ਆਉਣੀ ਸਾਡੀ ਕੱਲ੍ਹ ਜੋ ਪੀੜ੍ਹੀ, ਰਹੂ ਤਾਂ ਹੀ ਖੁਸ਼ਹਾਲ।
'ਗੁਰਮਾ' ਰਲ ਕੇ ਕਿਰਤ ਆ ਕਰੀਏ, ਲਾਈਏ ਕਲਮ ਗੁਲਾਬ।
ਮਹਿਕੂ ਚਾਰ ਚੁਫੇਰਾ ਸਾਡਾ, ਪੂਰੇ ਹੋਵਣ ਖਾਬ।
ਸੇਹ ਦਾ ਤੱਕਲਾ ਫਿਰ ਜੋ ਗੱਡੇ, ਦਈਏ ਅਸੀਂ ਜਵਾਬ।
ਪੰਜ ਪਾਣੀਆਂ ਵਿਚੋਂ ਤੱਕੀਏ, ਮੁੜ ਆਪਣਾ ਪੰਜਾਬ।

## ਸਭ ਤੋਂ ਖ਼ਤਰਨਾਕ

- ਪਾਸ਼

*ਜਦੋਂ ਹਾਲਾਤ ਇਸ ਕਿਸਮ ਦੇ ਹੋਣ ਕਿ ਮਨੁੱਖ ਅੰਦਰੋਂ ਦੇਖਣ ਦੀ ਦ੍ਰਿਸ਼ਟੀ ਕਮਜ਼ੋਰ ਹੋ ਜਾਵੇ ਉਸ ਵੇਲੇ ਹਕੀਕਤ ਦੇ ਆਧਾਰ ਸੁਪਨੇ ਇਕ ਤਾਕਤ ਬਣ ਕੇ ਆਉਂਦੇ ਨੇ। ਅਰਨਾਲਡ ਥਰਮਨ ਦਾ ਕਹਿਣਾ ਹੈ ਕਿ ਮਨੁੱਖ ਨੂੰ ਸਿਧਾਂਤਕ ਤੌਰ 'ਤੇ ਹਮੇਸ਼ਾ ਇਸ ਤਰ੍ਹਾਂ ਆਪਣੇ ਆਪ ਨੂੰ ਜਥੇਬੰਦ ਕਰਨਾ ਚਾਹੀਦਾ ਹੈ ਕਿ ਉਹ ਆਪਣੀਆਂ ਇੱਛਾਵਾਂ ਨੂੰ ਆਪਣੇ ਸੁਭਾਅ ਨੂੰ ਸਮਾਜਿਕ ਤਬਦੀਲੀ ਦੇ ਪ੍ਰੋਜੈਕਟ ਨਾਲ ਜੋੜ ਸਕੇ। ਇਹ ਖ਼ੂਬਸੂਰਤੀ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੀ ਰਹੀ ਹੈ ਕਿ ਉਸ ਨੇ ਅਤੀਤ ਤੋਂ ਵਿਚਾਰ ਹਾਸਲ ਕਰਦਿਆਂ ਆਪਣੇ ਅੰਦਰ ਐਸੇ ਖਿਆਲਾਤ ਪੈਦਾ ਕਰਨੇ ਹੁੰਦੇ ਹਨ ਜਿਨ੍ਹਾਂ ਨੇ ਸਮਾਜ ਨੂੰ ਅਤੇ ਇਤਿਹਾਸ ਨੂੰ ਨਵੀਂ ਦਿਸ਼ਾ ਦੇਣੀ ਹੁੰਦੀ ਹੈ। ਇਹ ਅਜਿਹੇ ਗਤੀਸ਼ੀਲ ਇਨਸਾਨ ਦੀਆਂ ਬੇਮਿਸਾਲ ਉਦਾਹਰਣਾਂ ਇਤਿਹਾਸ ਵਿਚੋਂ ਮਿਲਦੀਆਂ ਹਨ। ਜਿਨ੍ਹਾਂ ਨੇ ਭੈੜੇ ਸਮਿਆਂ ਵਿਚ ਵੀ ਆਪਣੇ ਸੁਪਨੇ ਜੋ ਕਿ ਮਨੁੱਖੀ ਤਾਕਤ ਦੇ ਅੰਦਰੂਨੀ ਗੁਣਾਂ ਦੇ ਆਧਾਰਤ ਹੁੰਦੇ ਹਨ ਉਨ੍ਹਾਂ ਨੂੰ ਇਸ ਕਿਸਮ ਨਾਲ ਸਥਾਪਤ ਕੀਤਾ ਕਿ ਸਮਾਜ ਇਸ ਕਿਸਮ ਦਾ ਬਣੇ ਜਿਸ ਵਿਚ ਆਜ਼ਾਦੀ ਅਤੇ ਮਨੁੱਖ ਦੀਆਂ ਅੰਦਰੂਨੀ ਖ਼ੂਬਸੂਰਤੀਆਂ ਹਰੇਕ ਪੱਖ ਤੋਂ ਵਿਕਸਿਤ ਹੋ ਸਕਣ। ਇਸ ਡੂੰਘਾਈ ਨੂੰ ਮਾਪਦਿਆਂ ਇਰਨਿਸਟ ਬਲੌਚ ਨੇ ਲਿਖਿਆ ਹੈ ਕਿ ਅਸਲ ਮਨੁੱਖ ਕੋਲ ਆਪਣਾ ਸਰਮਾਇਆ ਖਿਆਲੀ ਵਿਚਾਰ ਹੀ ਹੁੰਦੇ ਹਨ ਜਿਨ੍ਹਾਂ ਦੇ ਸਿਰ 'ਤੇ ਉਸ ਨੇ ਇਤਿਹਾਸਕ ਤੌਰ 'ਤੇ ਚੰਗੀ ਸਿਰਜਨਾ ਕਰਨੀ ਹੁੰਦੀ ਹੈ। ਅਜਿਹੀ ਸੋਚ ਦੇ ਆਧਾਰ 'ਤੇ ਕਾਰਲ ਮਾਰਕਸ ਨੇ ਕਿਹਾ ਸੀ ਅਸਲ ਮਨੁੱਖ ਉਹ ਹੁੰਦਾ ਹੈ ਜਿਹੜਾ ਆਪਣੇ ਆਜ਼ਾਦ ਖਿਆਲਾਂ ਦੀ ਪੂਰਤੀ ਲਈ ਆਪਣੀ ਚੇਤਨਤਾ ਨੂੰ ਵਾਪਸ ਆਪਣਾ ਹਿੱਸਾ ਬਣਾ ਕੇ ਚਲਦਾ ਹੈ। ਉਸ ਕੋਲ ਜੋ ਸਮਾਂ ਅਤੇ ਤਾਕਤ ਹੁੰਦੀ ਹੈ ਉਸ ਨੂੰ ਆਪਣੇ ਉਸਾਰੂ ਕਾਰਜਾਂ ਲਈ ਅਰਪਿਤ ਕਰਦਾ ਹੈ। - ਸੰਪਾਦਕ*

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਹੀ ਚੁੱਪ ਵਿਚ ਮੜ੍ਹੇ ਜਾਣਾ-ਬੁਰਾ ਤਾਂ ਹੈ
ਸਭ ਤੋਢ ਖ਼ਤਰਨਾਕ ਨਹੀਂ ਹੁੰਦਾ
ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲੱਗ ਜਾਣਾ-ਬੁਰਾ ਤਾਂ ਹੈ
ਕਚੀਚੀ ਵੱਟ ਦੇ ਬੱਸ ਵਕਤ ਕੱਢ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖਤਰਨਾਕ ਉਹ ਘੜੀ ਹੁੰਦੀ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।
ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਦੇਖਦੀ ਹੋਈ ਠੰਢੀ ਯੱਖ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ 'ਚੋਂ ਉਠਦੀ ਅੰਨ੍ਹੇਪਣ ਦੀ ਭਾਫ਼ ਉਤੇ ਡੁੱਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਾਧਾਰਣਤਾ ਨੂੰ ਪੀਂਦੀ ਹੋਈ
ਇਕ ਮੰਤਕਹੀਣ ਦੁਹਰਾਅ ਦੇ ਗਧੀ-ਗੇੜ ਵਿਚ ਹੀ ਰੁਲ ਜਾਂਦੀ ਹੈ।
ਸਭ ਤੋਂ ਖਤਰਨਾਕ ਉਹ ਚੰਨ ਹੁੰਦਾ ਹੈ।
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ।
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾ ਵਾਂਗ ਨਹੀਂ ਲੜਦਾ ਹੈ।
ਸਭ ਤੋਂ ਖਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ-
ਜੋ ਵੈਲੀ ਦੀ ਖੰਘ ਖੰਘਦਾ ਹੈ।
ਸਭ ਤੋਂ ਖਤਰਨਾਕ ਉਹ ਰਾਤ ਹੁੰਦੀ ਹੈ
ਕਿ ਜੋ ਪੈਂਦੀ ਹੈ ਜੀਉਂਦੀ ਰੂਹ ਦਿਆਂ ਆਕਾਸ਼ਾਂ ਤੇ
ਜਿਹਦੇ ਵਿਚ ਸਿਰਫ਼ ਉਲੂ ਬੋਲਦੇ ਗਿੰਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀ ਨੇਰ੍ਹ ਬੰਦ ਬੂਹਿਆਂ ਚੁਗਾਠਾਂ 'ਤੇ
ਸਭ ਤੋਂ ਖਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿਚ ਆਤਮਾ ਦਾ ਸੂਰਜ ਡੁੱਬ ਜਾਵੇ।
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ।
ਕਿਰਤ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ
ਗੱਦਾਰੀ ਲੋਭ ਦੀ ਮੁੱਠ ਸਭ ਤੋਂ ਖਤਰਨਾਕ ਨਹੀਂ ਹੁੰਦੀ।

- ਹਰਬੰਸ ਸਿੰਘ

# ਇਤਿਹਾਸਕ ਵਿਰਸੇ ਦਾ ਪ੍ਰਸੰਗ




ਜਦੋਂ ਵੀ ਜਬਰ ਤੇ ਜ਼ੁਲਮ ਦੀ ਕਹਾਣੀ ਦੁਹਰਾਈ ਜਾਂਦੀ ਹੈ ਤਾਂ ਜ਼ੁਲਮ ਤੇ ਜਬਰ ਦੇ ਖਿਲਾਫ਼ ਟਾਕਰੇ ਦੀਆਂ ਮਿਸਾਲਾਂ ਅਚੇਤ ਜਾਂ ਸੁਚੇਤ ਰੂਪ ਵਿਚ ਕਈ ਮਾਨਵੀ ਇਤਿਹਾਸ ਦੇ ਸਿਰਜਣ ਹਾਰਿਆਂ ਨੂੰ ਮਨੁੱਖੀ ਦ੍ਰਿਸ਼ ਦੇ ਸਾਹਮਣੇ ਲਿਆ ਖੜ੍ਹਾ ਕਰਦੀਆਂ ਹਨ। ਅਸੀਂ ਦਸੰਬਰ ਮਹੀਨੇ ਨੂੰ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਦੇ ਤੌਰ 'ਤੇ ਯਾਦ ਕਰਦੇ ਹਾਂ ਜਿਨ੍ਹਾਂ ਨੇ ਦੁਨੀਆ ਦੇ ਕਹਿੰਦੇ ਕਹਾਉਂਦੇ ਇਤਿਹਾਸ ਵਿਚ ਐਸੀ ਬਾਜ਼ੀ ਮਾਰੀ ਕਿ ਆਪਣਾ ਨਾਂ ਮੂਹਰਲੇ ਪੰਨਿਆਂ ਵਿਚ ਦਰਜ ਕਰਵਾ ਦਿੱਤਾ। ਇਸ ਉਪਰ ਫਕਰ ਕਰਦਿਆਂ ਸਿੱਖ ਕੌਮ ਨੂੰ ਦਹਾਕੇ ਅਤੇ ਸਦੀਆਂ ਲੱਗ ਗਏ ਹਨ। ਉਹ ਲਗਾਤਾਰ ਇਸ ਵਿਚੋਂ ਅਜਿਹੇ ਸਪਿਰਟ ਹਾਸਲ ਕਰਦੀ ਹੈ ਕਿ ਜਿਥੇ ਵੀ ਜਬਰ ਅਤੇ ਜ਼ੁਲਮ ਹੁੰਦਾ ਹੈ ਉਸ ਦੇ ਖਿਲਾਫ਼ ਅਚੇਤ ਰੂਪ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਉਨ੍ਹਾਂ ਨੂੰ ਵੱਡਾ ਸਹਾਰਾ ਅਤੇ ਅਗਵਾਈ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਦੀ ਰਾਖੀ ਮਜਲੂਮ ਅਤੇ ਦੱਬੇ ਕੁਚਲੇ ਲੋਕ ਹੀ ਸਮੇਂ ਸਮੇਂ 'ਤੇ ਕਰਦੇ ਰਹੇ ਹਨ ਅਤੇ ਕਰਦੇ ਰਹਿਣਗੇ। ਪ੍ਰੰਤੂ ਇਤਿਹਾਸ ਵਿਚ ਕਈ ਵਾਰੀ ਅਜਿਹੀਆਂ ਤਰਾਸ਼ਦੀਆਂ ਵੀ ਵਾਪਰਦੀਆਂ ਹਨ ਕਿ ਦੁਨੀਆ ਦੇ ਸਭ ਤੋਂ ਵੱਡੇ ਜੰਗਬਾਜ਼ ਲੋਕਾਂ ਦੇ ਹੀਰੋਆਂ ਨੂੰ ਆਪਣਾ ਹਿੱਸਾ ਬਣਾ ਲੈਂਦੇ ਹਨ ਅਤੇ ਉਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਨ੍ਹਾਂ ਦੀ ਪਹਿਰੇਦਾਰੀ ਅਸੀਂ ਕਰ ਰਹੇ ਹਾਂ। ਕਈ ਵਾਰੀ ਅਚੇਤ ਜਾਂ ਸੁਚੇਤ ਰੂਪ ਵਿਚ ਸਾਡੇ ਬੁੱਧੀ ਇਸ ਹੱਦ ਤੱਕ ਚਲੀ ਜਾਂਦੀ ਹੈ ਕਿ ਜਿੰਨਾ ਸਾਡੇ ਵਿਰਸੇ ਨੂੰ ਆਪਣਾ ਹਿੱਸਾ ਬਣਾ ਲਿਆ ਹੈ ਉਨ੍ਹਾਂ ਦਾ ਕੀ ਮਕਸਦ ਹੈ ਉਸ ਨੂੰ ਭੁੱਲ ਜਾਂਦੇ ਹਾਂ। ਸ਼ਾਇਦ ਅਜੋਕੇ ਸਮੇਂ ਵਿਚ ਸਾਡੇ ਸਾਹਮਣੇ ਮਜ਼ਲੂਮ ਲੋਕ ਅਫ਼ਗਾਨੀ ਨੇ ਇਰਾਕੀ ਨੇ, ਕਿਊਬੀਅਨ ਨੇ, ਇਥੋਂ ਤੱਕ ਕਿ ਕਸ਼ਮੀਰੀ ਨੇ ਅਤੇ ਦੁਨੀਆ ਦਾ ਸਭ ਤੋਂ ਪੁਰਾਣਾ ਇਤਿਹਾਸ ਫਰੋਲਿਆ ਜਾਏ ਤਾਂ ਵੀਅਤਨਾਮ ਦੇ ਲੋਕ ਵੀ ਯਾਦ ਆ ਜਾਂਦੇ ਹਨ ਜਿਨ੍ਹਾਂ ਉਪਰ ਜਬਰ ਤੇ ਜ਼ੁਲਮ ਦੀਆਂ ਕਹਾਣੀਆਂ ਵੀ ਅੱਜ ਸਾਮਰਾਜ ਪ੍ਰਤੀ ਨਫ਼ਰਤ ਪੈਦਾ ਕਰਦੀਆਂ ਹਨ। ਇਨ੍ਹਾਂ ਇਤਿਹਾਸਕ ਹਕੀਕਤਾਂ ਨੂੰ ਯਾਦ ਰੱਖਣਾ ਅਤੇ ਆਪਣੇ ਗੁਰੂ ਸਾਹਿਬਾਨ ਨੂੰ ਵਾਪਸ ਉਨ੍ਹਾਂ ਮਜਲੂਮਾਂ ਦੇ ਹੱਕ ਵਿਚ ਖੜ੍ਹਾ ਕਰਨਾ ਜਿਨ੍ਹਾਂ ਲਈ ਉਨ੍ਹਾਂ ਆਪਣੀ ਸਮੁੱਚੀ ਪਰਿਵਾਰਕ ਅਤੇ ਕੌਮ ਲਈ ਮਿਸਾਲੀ ਕੁਰਬਾਨੀ ਦਿੱਤੀ ਸੀ। ਇਸ ਦਿਸ਼ਾ ਵੱਲ ਕਦਮ ਪੁੱਟਣਾ ਸਾਡੇ ਵਿਰਸੇ ਨੂੰ ਵਾਪਸ ਆਪਣਾ ਵਿਰਸਾ ਸਥਾਪਤ ਕਰਨ ਦੇ ਬਰਾਬਰ ਹੈ। ਅਸੀਂ ਕਈ ਵਾਰੀ ਤਾਕਤਾਂ ਦੇ ਵਹਾਅ ਵਿਚ ਆਪਣੇ ਵਿਰਸੇ ਨੂੰ ਵੀ ਗਵਾ ਲੈਂਦੇ ਹਨ ਅਤੇ ਉਨ੍ਹਾਂ ਵਲੋਂ ਵਿਰਸੇ ਨੂੰ ਹਾਜ਼ਮ ਕਰਨ ਦੀਆਂ ਚਾਲਾਂ ਤੋਂ ਵੀ ਅਭੁੱਲ ਜਾਂਦੇ ਹਨ। ਇਸ ਕਿਸਮ ਦੀ ਸੋਚ ਸਾਨੂੰ ਵਿਕਸਿਤ ਕਰਨੀ ਚਾਹੀਦੀ ਹੈ ਜਿਹੜੀ ਤੋਂ ਸ਼ਾਇਦ ਅਸੀਂ ਕੋਹਾਂ ਦੂਰ ਹਾਂ। ਸਾਡਾ ਵਿਰਸਾ ਵੱਡੀਆਂ ਪਾਰਲੀਮੈਂਟ ਅਤੇ ਵਾਇਟ ਹਾਊਸਾਂ ਦਾ ਸ਼ਿੰਗਾਰ ਨਹੀਂ ਬਲਕਿ ਇਹ ਤਾਂ ਕਿਰਤ ਕਰਨ ਵਾਲੇ ਉਨ੍ਹਾਂ ਹਜ਼ਾਰਾਂ ਮਜ਼ਲੂਮਾਂ ਦੇ ਹਿੱਸਾ ਹੈ ਜਿਨ੍ਹਾਂ ਨੇ ਅਜੇ ਉਨ੍ਹਾਂ ਦੇ ਸੁਪਨਿਆਂ ਦੇ ਰਾਜਾਂ ਦੀ ਹਕੀਕਤ ਨੂੰ ਸਮਾਜ ਵਿਚ ਸਥਾਪਤ ਕਰਨਾ ਹੈ। ਇਸ ਕਰਕੇ ਵਿਰਸੇ ਪ੍ਰਤੀ ਸਮਝਦਾਰੀ ਤੈਅ ਕਰਨੀ ਸਮੇਂ ਦੀ ਲੋੜ ਹੈ।



## ਕਵਿਤਾ/ਉਲਟੇ ਰੁਖ ਪਰਵਾਜ਼

- ਦਰਸ਼ਨ ਖਟਕੜ



***ਜ਼ਿੰਦਗੀ ਨੂੰ ਅਸੂਲਾਂ ਦੇ ਆਧਾਰ 'ਤੇ ਜਿਊਣ ਵਾਲੀਆਂ ਸ਼ਖਸੀਅਤਾਂ ਅਚੇਤ ਜਾਂ ਸੁਚੇਤ ਰੂਪ ਵਿਚ ਹਰੇਕ ਸੰਘਰਸ਼ਸ਼ੀਲ ਇਨਸਾਨ ਨੂੰ ਪ੍ਰਭਾਵਤ ਕਰਦੀਆਂ ਹਨ ਪਰ ਜਿਸ ਕਿਸਮ ਦੀ ਨਿਸਚਾ ਅਤੇ ਮਿਸਾਲੀ ਸੋਚ ਮਾਰਕਸਵਾਦੀ ਚਿੰਤਕ ਪ੍ਰੋ. ਰਣਧੀਰ ਸਿੰਘ ਵਿਚ ਹੈ ਇਸ ਦੇ ਨਾਲ ਹੀ ਜਿਸ ਕਦਰ ਜੀਵਨ ਦਾ ਹਰੇਕ ਪਲ ਲੋਕਾਂ ਨੂੰ ਸਮਰਪਿਤ ਕਰਨ ਦੀ ਲਲਕ ਗੁਰਸ਼ਰਨ ਭਾਅ ਵਿਚ ਸੀ ਉਨ੍ਹਾਂ ਨੇ ਕਾਵਿਕਮਈ ਸਤਰਾਂ 'ਪਹਾੜੀ ਰਾਸਤਾ' ਦੇ ਰੂਪ ਵਿਚ ਲਿਖਣ ਲਈ ਪ੍ਰੇਰਿਆ ਜੋ ਸਤਰਾਂ ਆਪਣੀ ਤਾਕਤ ਰੱਖਦੀਆਂ ਹਨ। -ਸੰਪਾਦਕ***

ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ...
ਪਿਆਸੀ ਪੌਦ ਕੋਈ ਜਦ ਫ਼ਸਲ ਹੋ ਜਾਣ ਨੂੰ ਤਰਸੀ
ਤਾਂ ਤੂੰ ਆਇਆ।
ਖਾਕਾ ਬਣ ਗਈ ਤਸਵੀਰ ਨੂੰ ਜਦ ਰੰਗ ਨਾ ਟੱਕਰੇ
ਤਾਂ ਤੂੰ ਆਇਆ।

ਕੋਈ ਸੰਵਾਦ ਜੰਮਣ ਪੀੜ ਲਈ ਜਦ ਦੇਰ ਤੱਕ ਲੁੱਛਿਆ
ਤਾਂ ਤੂੰ ਆਇਆ
ਅਦਾ ਹੋਣੇ ਲਈ ਜਦ ਫਰਜ਼ ਨੂੰ ਨਾਂ ਗਲਵਕੜੀ ਲੱਭੀ
ਤਾਂ ਤੂੰ ਆਇਆ।
ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ....

ਉੱਤਰਾਈਆਂ ਚੜ੍ਹਾਈਆਂ ਪਹਿਨਕੇ ਚਲਦੀ ਪਹਾੜੀ ਸੜਕ ਹੈ ਕੋਈ
ਵਲ ਵਲ੍ਹੇਵੇਂਦਾਰ ਖੁਦ ਜ਼ਿੰਦਗੀ ਵਰਗੀ
ਪਰਿੰਦੇ ਚਹਿਕਦੇ ਉੱਡਦੇ ਅਤੇ ਰੁੱਖ ਝੂਮਦੇ
ਵਗਦੀ ਪੌਣ ਨੇ ਆ ਛੇੜਿਆ ਜੰਗਲ ਦਾ ਸ਼ੂਕਦਾ ਹੋਇਆ ਅਲਾਪ
ਪਹਾੜੀ ਰਾਹ ਤੇ ਸਾਡੀ ਬੱਸ ਦਾ ਲੰਬਾ ਸਫ਼ਰ।

ਇਕ ਤਾਕੀ ਦੇ ਲਾਗੇ ਤੁਸੀਂ ਦੋ ਹੋ
ਦੂਸਰੀ ਤਾਕੀ ਦੇ ਲਾਗੇ ਅਸੀਂ ਤਿੰਨ ਹਾਂ
ਕੋਈ ਰਾਜ਼ ਤਾਂ ਹੋਣਾ ਜ਼ਰੂਰ
ਆਵਾਜ਼ ਸੱਦਾ ਨਹੀਂ ਦਿੰਦੀ
ਇਸ਼ਾਰੇ ਨੂੰ ਹੱਥ ਨਹੀਂ ਲੱਭਦੇ
ਨਜ਼ਰਾਂ ਵਿਚ ਲਿਪਟ ਗਏ ਨੇ ਇਸ਼ਾਰੇ
ਇਸ਼ਾਰਿਆਂ ਦੇ ਮੋਢੀਂ ਚੜ੍ਹੀਆਂ ਵਿਚ ਨਜ਼ਰਾਂ
ਤੂੰ ਸੁਲਤਾਨ ਸੂਤਰਧਾਰ ਸੁਫ਼ਨਿਆਂ ਤੂੰ ਸੂਤਰਧਾਰ।
ਤੂੰ ਸੁਲਤਾਨ ਕਲਾਕਾਰ ਸੁਫ਼ਨਿਆਂ ਤੂੰ ਕਲਾਕਾਰ।

ਰੁਕੀ ਬੱਸ 'ਚੋਂ ਤੁਸੀਂ ਉੱਤਰੇ
ਅਸੀਂ ਉੱਤਰੇ
ਸਾਡੀ ਇਕ ਮੁਸਕਾਣ ਨਮਸਕਾਰ ਲਈ ਉੱਠੀ
ਅਦਬ ਹੱਥ-ਘੁੱਟਣੀਆਂ ਵਿਚ ਲਰਜਣ ਆ ਗਿਆ
ਨਜ਼ਰਾਂ ਬੋਲੀਆਂ ਤਾਂ
ਜੰਗਲ ਦੀ ਜੂਹ ਨੂੰ ਖੋਜਦੀ ਡੰਡੀ 'ਤੇ
ਸ਼ੁਰੂ ਕਦਮ ਤਾਲ ਸੀ ਆਪਣਾ।

ਝਾੜੀਆਂ ਦੀ ਓਟ ਵਿਚ
ਦੋ ਟੋਲੀਆਂ ਦੀ ਗੁਫ਼ਤਗੂ
ਕਦੇ ਮੱਥੇ 'ਤੇ ਪਰਬਤ-ਧਾਰਾ ਵਾਂਗ ਵੱਟ ਉੱਭਰ ਆਏ
ਹੱਥ ਮੁਦਰਾਵਾਂ ਨੇ ਕਈ ਵਿਖਿਆਨ ਵੀ ਕੀਤੇ
ਸਿਰ ਰਹੇ ਹਿੱਲਦੇ ਕਦੇ ਹਾਂ ਵਿਚ
ਕਦੇ ਨਾਂਹ ਵਿਚ

ਵਗਦੀ ਪੌਣ ਨੇ ਖੂਬ ਸੁਣਿਆ
ਸ਼ੂਕਦੇ ਜੰਗਲ ਨੇ ਖੂਬ ਤੱਕਿਆ
ਪੁਸ਼ਤਾਂ ਦਾ ਲੇਖਾ-ਜੋਖਾ ਕਰਦੀਆਂ ਪੁਸ਼ਤਾਂ
ਅਰਪਨਾ ਦਾ ਅਰਘ ਸਫ਼ਰ ਦੇ ਨਾਂ ਕਰਦੀਆਂ
ਉੱਠੇ ਤਾਂ ਫੇਰ ਹੱਥ-ਘੁੱਟਣੀਆਂ ਦਾ ਸੰਵਾਦ ਆ ਪੁੱਜਿਆ
ਉੱਠੇ ਤਾਂ ਪੈਰ ਸੜਕ ਵਲ ਨੂੰ ਵੱਧ ਤੁਰੇ
ਤੁਸੀਂ ਰਾਹੀਂ
ਅਸੀਂ ਰਾਹੀਂ
ਅੱਗੇ ਪਹਾੜੀ ਰਸਤਾ ਜ਼ਿੰਦਗੀ ਵਰਗਾ
ਨਿਰੰਤਰ ਸਫ਼ਰ ਬੱਸ ਦਾ ਜ਼ਿੰਦਗੀ ਵਰਗਾ
ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ
ਤੂੰ ਸੁਲਤਾਨ ਕਲਾਕਾਰ ਤੂੰ ਸੁਲਤਾਨ।

- ਬਲਜਿੰਦਰ ਸਿੰਘ

# ਲੜਾਈ, ਦਿਸ਼ਾ ਅਤੇ ਬਦਲਾਅ ਦਾ ਸਵਾਲ

*ਸੰਘਰਸ਼ਾਂ ਦਾ ਆਪਣਾ ਇਤਿਹਾਸ ਹੁੰਦਾ ਹੈ ਇਹ ਸਮਾਜ ਨੂੰ ਇਨਕਲਾਬੀਕਰਨ ਦੀ ਪ੍ਰਕਿਰਿਆ ਵੱਲ ਤੋਰਦੇ ਹਨ। ਲੋਕਾਂ ਨੂੰ ਉਨ੍ਹਾਂ ਦੇ ਹਾਲਾਤ ਤੋਂ ਜਾਣੂ ਕਰਵਾਉਂਦੇ ਹਨ। ਅੱਕੇ ਹੋਏ ਲੋਕ ਗੁੱਸੇ ਨਾਲ ਉਭਰਦੇ ਹਨ। ਇਕੱਤਰ ਹੁੰਦੇ ਹਨ ਅਤੇ ਸੰਘਰਸ਼ ਦੇ ਰਸਤੇ 'ਤੇ ਤੁਰਦੇ ਹਨ ਪਰ ਇਨ੍ਹਾਂ ਸੰਘਰਸ਼ਾਂ ਵਿਚ ਰਾਜਨੀਤਕ ਸਮਝ ਦਾ ਸਵਾਲ ਸਦਾ ਰੜਕਦਾ ਰਹਿੰਦਾ ਹੈ। ਉਸ ਬਾਰੇ ਸੋਚ ਵਿਚਾਰ ਦੀ ਜ਼ਰੂਰਤ ਹੈ।*




ਹੈਰੀ ਮਿਕਡਾਫ ਅਤੇ ਪਾਲ ਐਮ ਸਵੀਜੀ ਅਜਿਹੇ ਦੋ ਡਾਇਨਾਸੋਰ ਕਿਸਮ ਦੇ ਇਨਸਾਨ ਰਹੇ ਹਨ ਜਿਨ੍ਹਾਂ ਨੇ 50 ਸਾਲ ਤੋਂ ਵੀ ਵੱਧ ਸਮਾਂ ਮੰਥਲੀ ਰਿਵਿਊ ਰਾਹੀਂ ਪੂੰਜੀਵਾਦ ਦੀਆਂ ਹਰੇਕ ਜ਼ਿਆਦਤੀਆਂ ਅਤੇ ਪ੍ਰਬੰਧਕੀ ਚੁਣੌਤੀਆਂ ਨੂੰ ਆਪਣੀ ਕਲਮ ਦੀ ਤਿੱਖੀ ਧਾਰ ਹੇਠ ਲਿਆਂਦਾ ਹੈ। ਉਨ੍ਹਾਂ ਇਥੋਂ ਤੱਕ ਕਿ, "ਅਸੀਂ ਇਤਿਹਾਸ ਦੇ ਉਸ ਪੜਾਅ 'ਤੇ ਪਹੁੰਚ ਗਏ ਹਾਂ ਜਦੋਂ ਪੂੰਜੀਵਾਦ ਕੋਲ ਸਮੁੱਚੀ ਸਮਾਜ ਨੂੰ ਕੰਟਰੋਲ ਕਰਨ ਦੀ ਤਾਕਤ ਖਤਮ ਹੋ ਗਈ ਹੈ। ਇਹ ਵੀ ਹਕੀਕਤ ਹੈ ਕਿ ਜੇ ਮਨੁੱਖੀ ਤਾਕਤ ਸਹੀ ਢੰਗ ਨਾਲ ਉਸ ਦਾ ਮੁਕਾਬਲਾ ਨਾ ਕਰੇ ਤਾਂ ਕਦੀ ਵੀ ਕੋਈ ਸਿਸਟਮ ਆਪਣੇ ਆਪ ਢਿਹਾ ਨਹੀਂ ਭਲਾਂ ਉਹ ਕਿੰਨਾ ਵੀ ਕਮਜ਼ੋਰ ਕਿਉਂ ਨਾ ਹੋਵੇ। ਉਸ ਨੂੰ ਢਾਹੁਣ ਵਾਸਤੇ ਉਸ ਸਿਸਟਮ ਤੋਂ ਅੱਕੇ ਹੋਏ ਲੋਕ ਇਤਿਹਾਸ ਦੇ ਸਾਹਮਣੇ ਮਜ਼ਬੂਰ ਜਮਾਤ ਦੇ ਰੂਪ ਵਿਚ ਇਕੱਤਰ ਹੁੰਦੇ ਹਨ ਅਤੇ ਉਸ ਦਾ ਮੁਕਾਬਲਾ ਕਰਦੇ ਹਾਂ। ਜੇ ਉਨ੍ਹਾਂ ਕੋਲ ਇਕ ਬਦਲਵੇਂ ਪ੍ਰਬੰਧ ਦੀ ਸਮਝਦਾਰੀ ਵੀ ਨਾ ਹੋਵੇ ਤਾਂ ਵੀ ਉਹ ਬਦਲਵਾਂ ਸਮਾਜ ਨਹੀਂ ਉਸਾਰ ਸਕਦੇ ਇਸ ਕਰਕੇ ਮਾਨਵਤਾ ਦੇ ਭਵਿੱਖ ਲਈ ਇਕ ਬਦਲਵੇਂ ਪ੍ਰਬੰਧ ਜਿਸ ਨੂੰ ਮਾਰਕਸੀ ਸ਼ਬਦਾਵਲੀ ਵਿਚ ਸਮਾਜਵਾਦ ਕਿਹਾ ਜਾਂਦਾ ਹੈ, ਦੇ ਖਾਕੇ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਹੋਵੇਗਾ। ਪ੍ਰੰਤੂ ਜਿਸ ਕਿਸਮ ਨਾਲ ਪਿਛਲੇ ਸਮੇਂ ਦੌਰਾਨ ਲੋਕਾਂ ਨੇ ਖਾਸ ਕਰ ਯੂਰਪ ਦੇ ਵਿਚ ਸੰਘਰਸ਼ ਛੇੜਿਆ ਉਸ ਵਿਚ ਹਜ਼ਾਰਾਂ ਅੱਕੇ ਹੋਏ ਲੋਕ ਸਨ ਉਨ੍ਹਾਂ ਨੇ ਵਿਅਕਤੀਗਤ ਤੌਰ 'ਤੇ ਰਸਤਿਆਂ 'ਤੇ ਕਬਜ਼ਾ ਕੀਤਾ ਅਤੇ ਆਪੋ-ਆਪਣੀਆਂ ਹਕੂਮਤਾਂ ਨੂੰ ਇਕ ਚੁਣੌਤੀ ਦਿੱਤੀ ਕਿ ਸਪੇਨ ਤੋਂ ਲੈ ਕੇ ਗਰੀਸ ਤੱਕ, ਲੰਡਨ ਤੋਂ ਲੈ ਕੇ ਡਾਰਬਨ ਤੱਕ, ਇਥੋਂ ਤੱਕ ਮੁੰਬਈ ਵਰਗੇ ਸ਼ਹਿਰ ਤੱਕ ਪਹੁੰਚ ਗਈ ਸੀ। ਇਸ ਸੰਘਰਸ਼ ਦਾ ਕੇਂਦਰੀਬਿੰਦੂ ਵੱਖ-ਵੱਖ ਵੱਡੇ ਕਾਰਪੋਰੇਟ ਘਰਾਣਿਆਂ ਕੋਲ ਜਿਹੜੀ ਤਾਕਤ ਦੇ ਕੇਂਦਰ ਹਨ ਜਿਸ ਵਿਚ ਉਨ੍ਹਾਂ ਦਾ ਸਰਮਾਇਆ ਅਦਾਨ ਪ੍ਰਦਾਨ ਕਰਦਾ ਹੈ ਉਨ੍ਹਾਂ ਸਥਾਨਾਂ 'ਤੇ ਹੀ ਇਹ ਸੰਘਰਸ਼ ਕੇਂਦਰਤ ਰਹੇ। ਪ੍ਰਬੰਧ ਨੇ ਆਪਣੇ ਦਾਬੇ ਰਾਹੀਂ ਕਈ ਥਾਵਾਂ 'ਤੇ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਇਹ ਸੰਘਰਸ਼ ਕਿਸੇ ਵੱਡੇ ਰਾਜਨੀਤਕ ਤਾਕਤ ਦੇ ਤੌਰ ਤੇ' ਕਿਵੇਂ ਉਭਰੇਗਾ ਇਹ ਸਵਾਲ ਅੱਜ ਵੀ ਖੜ੍ਹਾ ਹੈ।



- ਦਵਿੰਦਰ ਤੂਰ

# ਵਾਤਾਵਰਣਿਕ ਸੰਕਟ ਅਤੇ ਪੂੰਜੀਵਾਦ ਦਾ ਸੁਮੇਲ

ਜਿਸ ਕਿਸਮ ਨਾਲ ਵਿਕਾਸ ਨੂੰ ਚਿਤਵਿਆ ਜਾ ਰਿਹਾ ਹੈ ਉਸ ਵਿਚ ਨਾ ਤਾਂ ਕਿਸੇ ਵੀ ਪੱਧਰ 'ਤੇ ਅਜੋਕੀਆਂ ਕਾਰਪੋਰੇਸ਼ਨਾਂ ਦੇ ਚਲਣ ਢੰਗ ਅਤੇ ਉਨ੍ਹਾਂ ਦੁਆਰਾ ਕੀਤੀਆਂ ਜਾਂਦੀਆਂ ਵੱਡੀਆਂ ਵਾਤਾਵਰਣਿਕ ਗਲਤੀਆਂ ਨੂੰ ਧਿਆਨ ਵਿਚ ਰੱਖਿਆ ਨਹੀਂ ਜਾਂਦਾ ਇਥੋਂ ਤੱਕ ਕਿ ਸਨਅਤੀਕਰਨ ਦੇ ਨਾਂ ਹੇਠ ਜਿਸ ਕਿਸਮ ਦੀ ਤਕਨਾਲੋਜੀ ਅਤੇ ਜਿਸ ਕਿਸਮ ਦੇ ਖਪਤੀ ਜੀਵਨ ਜਾਚ ਦੇ ਢੰਗ ਤਰੀਕਿਆਂ ਨੂੰ ਲਾਲਚ ਦੇ ਨਾਲ ਜੋੜ ਲਿਆ ਗਿਆ ਹੈ ਬਹੁਤੀ ਆਬਾਦੀ ਅੱਜ ਦੇ ਸਮੇਂ ਵਿਚ ਆਪਣੀ ਆਰਥਿਕ ਗਤੀਵਿਧੀ ਨੂੰ ਖਪਤੀ ਕਿਸਮ ਦੀਆਂ ਪ੍ਰਵਿਰਤੀਆਂ ਨਾਲ ਜੋੜ ਰਹੀ ਹੈ। ਇਸਮਾਨ ਮਿਸਾਰੋਜ਼ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ 'ਚ ਜਿਸ ਕਿਸਮ ਨਾਲ ਸਨਅਤੀਕਰਨ ਹੋ ਰਿਹਾ ਹੈ ਇਹ ਬੁਨਿਆਦੀ ਤੌਰ 'ਤੇ ਵਿਕਾਸ ਦੀ ਥਾਂ ਵਿਨਾਸ਼ ਹੈ ਕਿ ਪੈਦਾਵਾਰ ਦੇ ਚਲਣ ਢੰਗ ਨਾਲ ਲਗਾਤਾਰ ਕੁਦਰਤੀ ਸਰੋਤ ਖਤਮ ਹੁੰਦੇ ਜਾ ਰਹੇ ਹਨ। ਇਸ ਪ੍ਰਤੀ ਚਿੰਤਾ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਆਧੁਨਿਕ ਵਿਸ਼ਵੀਕਰਨ ਦੇ ਦੌਰ ਵਿਚ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਗਰੀਨ ਲਹਿਰ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਜੇ ਅਸੀਂ ਉਸ ਨੂੰ ਅਜੋਕੇ ਪੂੰਜੀਵਾਦ ਦੇ ਚਲਣ ਢੰਗ ਨਾਲ ਸੁਮੇਲ ਨਾ ਕੀਤਾ। ਇਥੋਂ ਤੱਕ ਕਿ ਅਸੀਂ ਤਾਂ ਹੁਣ ਨਾਅਰਾ ਕੱਢ ਲਿਆ ਹੈ ਕਿ ਲਾਲ ਦੀ ਥਾਂ ਗਰੀਨ ਸੰਘਰਸ਼ ਸ਼ੁਰੂ ਕੀਤਾ ਜਾਵੇ। ਅਸਿੱਧੇ ਰੂਪ ਵਿਚ ਇਹ ਕਾਰਜ ਨੇ ਗੈਰ ਸਰਕਾਰੀ ਸੰਸਥਾਵਾਂ ਜਿਨ੍ਹਾਂ ਨੂੰ ਐਨ.ਜੀ.ਓਜ਼ ਕਿਹਾ ਜਾਂਦਾ ਹੈ ਉਨ੍ਹਾਂ ਦੇ ਨੌਕਰੀ ਪੇਸ਼ਾ ਲਈ ਤਾਂ ਜ਼ਰੂਰੀ ਹੋ ਸਕਦੀਆਂ ਹਨ ਉਹ ਆਪਣੇ ਆਪ ਨੂੰ ਵਾਤਾਵਰਣ ਪ੍ਰੇਮੀ ਤਾਂ ਕਹਿ ਸਕਦੇ ਹਨ ਪ੍ਰੰਤੂ ਉਹ ਕਿਸੇ ਵੀ ਪੱਧਰ 'ਤੇ ਵਾਤਾਵਰਣ ਨੂੰ ਬਚਾਉਣ ਵਲ ਨੂੰ ਨਹੀਂ ਤੁਰ ਸਕਦੇ। ਇਥੋਂ ਤੱਕ ਟੋਕੀਓ ਡੈਕਲਾਰੇਸ਼ਨ (1987) ਨੇ ਕਿਹਾ ਸੀ ਕਿ ਸਾਰੀਆਂ ਸੰਸਾਰ ਦੀਆਂ ਕੌਮਾਂ ਇਕੱਠੇ ਤੌਰ 'ਤੇ ਅਤੇ ਇਕੱਲੇ ਇਕੱਲੇ ਹੋ ਕੇ ਸੱਤ ਸਿਧਾਂਤਾਂ 'ਤੇ ਪਹਿਰੇਦਾਰੀ ਕਰਨ ਜਿਸ ਵਿਚ ਆਪਣੇ ਵਿਕਾਸ ਨੂੰ ਮੁੜ ਨਵਿਆਉਣ, ਆਪਣੀ ਯੋਗਤਾ ਨੂੰ ਮੁੜ ਤਬਦੀਲ ਕਰਨ ਆਪਣੇ ਸਰੋਤਾਂ ਨੂੰ ਮੁੜ ਯੋਗਨਾਬੰਦ ਕਰਨ, ਆਪਣੀ ਆਬਾਦੀ ਨੂੰ ਕੰਟਰੋਲ ਕਰਨ, ਆਪਣੀ



ਤਕਨਾਲੋਜੀ ਨੂੰ ਮੁੜ ਜਥੇਬੰਦ ਕਰਨ, ਆਪਣੀ ਆਰਥਿਕਤਾ ਅਤੇ ਵਾਤਾਵਰਣ ਦਾ ਸੁਮੇਲ ਕਰਨ ਅਤੇ ਇਥੋਂ ਤੱਕ ਆਪਣੇ ਆਰਥਿਕ ਸੁਧਾਰਾਂ ਨੂੰ ਕੌਮਾਂਤਰੀ ਪੱਧਰ 'ਤੇ ਸਹੀ ਢੰਗ ਨਾਲ ਯੋਜਨਾਬੰਦ ਕਰਨ। ਪ੍ਰੰਤੂ ਇਸ ਦਾ ਨਤੀਜਾ ਜਿਸ ਕਿਸਮ ਨਾਲ ਰਵਿਊ ਅਰਥ ਸੰਮੇਲਨ (1992) ਰਾਹੀਂ ਅਖ਼ਬਾਰਾਂ ਨੇ ਆਪਣੇ ਸੰਪਾਦਕੀ ਵਿਚ ਇਸ ਤਰ੍ਹਾਂ ਦਰਜ ਕੀਤਾ ਰੀਓ+10=ਜੌਨਜ਼ ਵਰਗ=0 ਰਿਹਾ ਹੈ। ਕਹਿਣ ਦਾ ਭਾਵ ਇਹ ਹੈ ਕਿ ਪ੍ਰਸਿੱਧ ਵਿਗਿਆਨੀ ਕਾਰਲ ਸਹਿਗਨ ਅਨੁਸਾਰ ਅਸੀਂ ਕੌਣ ਹਾਂ ਜਿਹੜੇ ਮਾਨਵਤਾ ਅਤੇ ਧਰਤ ਦੀ ਰੱਖਿਆ ਲਈ ਆਪਣੀ ਆਵਾਜ਼ ਉਠਾ ਰਹੇ ਹਾਂ। ਉਸ ਦਾ ਜਵਾਬ ਸੀ ਕਿ ਅਸੀਂ ਸਭ ਕੁਝ ਉਨ੍ਹਾਂ ਤਾਕਤਾਂ 'ਤੇ ਹੀ ਛੱਡ ਰਹੇ ਹਾਂ ਜਿਨ੍ਹਾਂ ਨੇ ਵਾਤਾਵਰਣ ਨੂੰ ਤਬਾਹ ਕੀਤਾ ਹੈ। ਹਰੇਕ ਸਮੇਂ ਵਰਲਡ ਵਾਚ ਸੰਸਥਾ ਉਲੇਖ ਕਰਦੀ ਹੈ ਕਿ ਲਗਾਤਾਰ ਖਪਤੀ ਕਿਸਮ ਦੀ ਵੱਧ ਰਹੀ ਤਾਕਤ ਨਾਲ ਅਸੀਂ ਆਪਣੇ ਗਲ ਆਪ ਫੰਦਾ ਪਾ ਰਹੇ ਹਾਂ। ਇਥੋਂ ਤੱਕ ਕਿ ਸਾਰੀ ਦੁਨੀਆ ਨੂੰ ਅਮਰੀਕਾ ਦੇ ਮਾਡਲ 'ਤੇ ਚਲਣ ਦੀ ਪ੍ਰੇਰਣਾ ਦੇ ਰਹੇ ਹਾਂ ਜਿਸ ਵਿਚ 90 ਫੀਸਦੀ ਖਪਤੀ ਸਮਾਜ ਵਿਕਸਿਤ ਕਰਨ ਦੀ ਧਾਰਾ ਹੈ। ਸੋ ਉਪਰੋਕਤ ਸਮੁੱਚੀ ਸਥਿਤੀ ਨੂੰ ਦੇਖਦਿਆਂ ਹੋਇਆਂ ਅਜੋਕੇ ਨਵੇਂ ਵਰ੍ਹੇ ਵਿਚ ਵਾਤਾਵਰਣ ਦੇ ਸਵਾਲ ਨੂੰ ਮਾਨਵਤਾ ਦਾ ਸਵਾਲ ਬਣਾਉਣਾ ਚਾਹੀਦਾ ਹੈ ਨਹੀਂ ਤਾਂ ਪ੍ਰਸਿੱਧ ਲੇਖਿਕਾ ਰੋਜ਼ਾ ਲਗਜ਼ਮ ਵਰਗ ਦੀ ਧਾਰਨਾ ਸਹੀ ਸਾਬਤ ਹੋਵੇਗੀ ਕਿ ਅਸੀਂ ਤਬਾਹੀ ਦੇ ਬਹੁਤ ਨੇੜੇ ਹਾਂ ਜਿਸ ਤੋਂ ਸਾਨੂੰ ਕੋਈ ਵੀ ਨਹੀਂ ਬਚਾ ਸਕਦਾ। ਜੇ ਅਸੀਂ ਸਮਾਜ ਨੂੰ ਮੁੜ ਜਥੇਬੰਦਕ ਨਾ ਕੀਤਾ ਅਤੇ ਕੁਦਰਤੀ ਸਰੋਤਾਂ ਦੇ ਮਾਲਕ ਆਪ ਨਾ ਬਣੇ।

ਸਮੇਂ ਦੀ ਤਰਾਸ਼ਦੀ ਇਹ ਹੈ ਜਿਸ ਕਿਸਮ ਦਾ ਬਿਜਨਿਸ ਐਨ ਜੀ ਓ ਵਲੋਂ ਵਾਤਾਵਰਣ ਦੇ ਸਵਾਲ 'ਤੇ ਕੀਤਾ ਜਾ ਰਿਹਾ ਹੈ। ਇਸ ਨੇ ਪ੍ਰਬੰਧਕੀ ਸਵਾਲ ਨੂੰ ਹੱਲ ਕਰਨ ਦੀ ਥਾਂ ਸਿਰਫ਼ ਸਾਫ਼ ਸਫਾਈ ਤੱਕ ਸੀਮਤ, ਕੁਝ ਹੱਦ ਤੱਕ ਮੰਡੀ ਦੀਆਂ ਤਾਕਤਾਂ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਖਪਤੀ ਲਲਕਾਂ ਨੂੰ ਘਟਾਉਣਾ, ਆਪਣੀ ਕੁਦਰਤੀ ਰੱਖਿਆ ਵਾਸਤੇ ਛੋਟੇ ਛੋਟੇ ਪੈਮਾਨੇ ਨਿਰਧਾਰਤ ਕਰਨਾ। ਹਾਲਾਂਕਿ ਰੋਜ਼ ਜਿਸ ਕਿਸਮ ਨਾਲ ਵਾਤਾਵਰਣ ਦੀ ਤਬਾਹੀ ਮਚਾਈ ਜਾ ਰਹੀ ਹੈ ਕਿਸੇ ਵਿਆਖਿਆਕਾਰ ਨੇ ਲਿਖਿਆ ਹੈ ਕਿ ਰੋਜ਼ ਅਸੀਂ ਦੋ ਬੰਦੇ ਸਮੁੰਦਰ ਵਿਚੋਂ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਕਾਰਪੋਰੇਟ ਘਰਾਣੇ ਹਜ਼ਾਰਾਂ ਨੂੰ ਉਸ ਵਿਚ ਡਬੋ ਦਿੰਦੇ ਹਨ ਜਦਕਿ ਕਾਰਪੋਰੇਟ ਤਾਕਤ ਰਹੇਗੀ ਤਦ ਤੱਕ ਵਾਤਾਵਰਣ ਦੀ ਤਬਾਹੀ ਹੁੰਦੀ ਰਹੇਗੀ। ਇਰਕ ਹਾਵਜ਼ ਬਾਮ ਦਾ ਕਹਿਣਾ ਹੈ ਕਿ ਪਹਿਲੀਆਂ ਪੰਜ ਤਬਾਹੀਆਂ ਕੁਦਰਤੀ ਕਾਰਨਾਂ ਕਰਕੇ ਹੋਈਆਂ ਅਤੇ ਹੁਣ ਛੇਵੀਂ ਤਬਾਹੀ ਮਨੁੱਖ ਦੁਆਰਾ ਬਣਾਈ ਜਾ ਰਹੀਆਂ ਹਨ। ਦੁਨੀਆਂ ਭਰ ਦੀਆਂ ਵਿਗਿਆਨੀਆਂ ਦੀਆਂ ਖੋਜਾਂ ਚਿਤਾਵਨੀ ਦੇ ਰਹੀਆਂ ਹਨ ਕਿ 2050 ਤੱਕ ਸਭ ਤੋਂ ਵੱਡੀ ਲੜਾਈ ਪਾਣੀ ਵਾਸਤੇ ਹੋਵੇਗੀ।

- ਡਾ. ਕੁਲਦੀਪ ਸਿੰਘ

# ਪ੍ਰਤੀਬੱਧਤਾ, ਆਧੁਨਿਕਤਾ ਤੇ ਕਿਰਪਾਲ ਪੰਨੂੰ

ਅਕਸਰ ਜੀਵਨ ਦੀਆਂ ਉਤਰਾਈਆਂ ਚੜ੍ਹਾਈਆਂ ਵਿਚ ਇਨਸਾਨ ਆਪਣਾ ਰਸਤਾ ਭੁੱਲ ਜਾਂਦਾ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਕਿਸ ਦਿਸ਼ਾ 'ਤੇ ਜਾਣਾ ਹੈ ਪ੍ਰੰਤੂ ਜੇ ਤੋਰ ਵਿਚ ਏਨੀ ਕੁ ਰਵਾਨਗੀ ਹੋਵੇ ਜਿਵੇਂ ਕਿ ਕਿਸੇ ਸ਼ਾਇਰ ਨੇ ਕਿਹਾ ਸੀ ਅਸੀਂ ਉਹ ਹਾਂ ਜੋ ਸਦਾ ਸਫ਼ਰ 'ਚ ਰਹਿੰਦੇ ਹਾਂ। ਇਸ ਦਾ ਭਾਵ ਇਹ ਹੈ ਕਿ ਜਿਹੜੇ ਕਿਸੇ ਅਕੀਦੇ ਨੂੰ ਆਪਣੇ ਮਨ ਵਿਚ ਵਸਾ ਲੈਂਦੇ ਨੇ ਉਹ ਦੁਰਾਡੀਆਂ ਮੰਜ਼ਿਲਾਂ ਉਪਰ ਵੀ ਪਹੁੰਚਣ ਤੋਂ ਘਰਬਾਉਂਦੇ ਨੇ। ਜਿਵੇਂ ਕਦੀ ਕਾਰਲ ਮਾਰਕਸ ਨੇ ਕਿਹਾ ਸੀ ਮੈਨੂੰ ਚਾਹੀਦੇ ਨੇ ਉਹ ਜਾਂਬਾਜ਼ ਜਿਹੜੇ ਨਿਢਾਲ ਕਰ ਸੁੱਟਣ ਵਾਲੀਆਂ ਉਚੀਆਂ ਪਹਾੜੀਆਂ ਤੋਂ ਘਬਰਾਉਂਦੇ ਨਾ ਹੋਣ ਬਲਕਿ ਉਪਰ ਚੜ੍ਹਨ ਦਾ ਜ਼ੇਰਾ ਕਰਦੇ ਹੋਣ ਅਤੇ ਰੌਸ਼ਨੀ ਤੱਕ ਪਹੁੰਚਣ ਦੀ ਤਮੰਨਾ ਰੱਖਦੇ ਹੋਣ। ਅਜਿਹੀਆਂ ਸਤਰਾਂ ਸਿਰਫ਼ ਉਨ੍ਹਾਂ ਲੋਕਾਂ ਦੇ ਹਿੱਸੇ ਹੀ ਆਈਆਂ ਨੇ ਜਿਨ੍ਹਾਂ ਨੇ ਜ਼ਿੰਦਗੀ ਦੇ ਵਹਾਅ ਵਿਚ ਆਪਣੇ ਆਪ ਨੂੰ ਅਜਿਹੀ ਪ੍ਰਤੀਬੱਧਤਾ ਕਿਸਮ ਦੀ ਤਾਕਤ ਨਾਲ ਸੁਮਿਲਤ ਕਰ ਲਿਆ ਹੈ ਜਿਨ੍ਹਾਂ ਜ਼ਿੰਦਗੀ ਨੂੰ ਆਧੁਨਿਕਤਾ ਦੇ ਪੱਧਰ ਤੱਕ ਆਪਣਾ ਹਿੱਸਾ ਬਣਾ ਕੇ ਚਲਣ ਦਾ ਫੈਸਲਾ ਕਰ ਲਿਆ ਹੈ। ਅਜਿਹੀਆਂ ਸ਼ਖਸੀਅਤਾਂ ਸਾਹਿਤਕ, ਵਿਦਿਅਕ, ਰਾਜਨੀਤਕ, ਸਮਾਜਿਕ ਕਾਰਜ ਆਦਿ ਦੇ ਖੇਤਰਾਂ ਵਿਚ ਆਪਣਾ ਇਤਿਹਾਸਕ ਨਾਂ ਦਰਜ ਕਰਵਾ ਜਾਂਦੀਆਂ ਹਨ। ਇਨ੍ਹਾਂ ਦੇ ਪਿਛੋਕੜਾਂ ਨੂੰ ਜੇ ਗੌਰ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਦੀ ਤਾਕਤ ਲਗਾਤਾਰ ਕਿਸੇ ਕੰਮ ਜਾਂ ਖੋਜ ਦੀ ਤਲਾਸ਼ ਵਿਚ ਲੱਗੇ ਰਹਿਣ ਕਾਰਨ ਹੀ ਪੂਰੀ ਹੋਈ ਹੁੰਦੀ ਹੈ। ਖੋਜੀ ਬਿਰਤੀ ਆਪਣਾ ਰਾਹ ਆਪ ਤਲਾਸ਼ਦੀ ਰਹਿੰਦੀ ਹੈ। ਖੋਜੀਆਂ ਦੇ ਖੇਤਰਾਂ ਵਿਚ ਉਹ ਚੀਨ ਦੀ ਕਹਾਵਤ ਉਪਰ ਪੂਰੇ ਉਤਰਦੇ ਨੇ ਜਿਹੜੇ ਕਹਿੰਦੇ ਨੇ ਕਿ ਤੂੰ ਮੇਰੇ ਸੇਬ ਦਾ ਸਵਾਦ ਚੱਖ ਤੇ ਮੈਂ ਤੇਰੇ ਸੇਬ ਦਾ ਸਵਾਦ ਚੱਖਦਾ ਹਾਂ। ਇਸ ਨਾਲ ਉਸ ਨੂੰ ਵੱਧ ਕਿਸਮ ਦਾ ਸਵਾਦ ਆਉਂਦਾ ਹੈ। ਕਿਰਪਾਲ ਪੰਨੂੰ ਦੇ ਜ਼ਰੀਏ ਗੱਲ ਕਰਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੇ ਪਤਾ ਨਹੀਂ ਕਿੰਨੇ ਖੇਤਰਾਂ ਦੇ ਲੋਕਾਂ ਦਾ ਸਵਾਦ ਚੱਖਿਆ ਹੈ ਜਿਸ ਵਿਚ ਤਕਨੀਕ ਦੇ ਖੇਤਰ ਤੋਂ ਲੈ ਕੇ ਡਾਕਟਰੀ ਕਿੱਤੇ ਤੱਕ ਦੇ ਸਫ਼ਰ ਵਾਲੇ, ਸਾਹਿਤਕ ਵੰਨਗੀਆਂ ਅਤੇ ਵਿਧੀਆਂ ਦੇ ਖੇਤਰਾਂ ਵਾਲੇ, ਖੇਡ ਦੇ ਮੈਦਾਨਾਂ ਨੂੰ ਆਪਣੀਆਂ ਕਲਮਾਂ ਨੂੰ ਤਾਕਤ ਨਾਲ ਉਸਾਰਨ ਵਾਲੇ, ਆਪਣੇ ਦਿਲਾਂ ਅੰਦਰ ਵੰਡ ਦੇ ਅੱਲੇ ਜ਼ਖ਼ਮਾਂ ਨੂੰ ਸਮੋਈ ਬੈਠੇ ਬਾਰਡਰਾਂ ਤੋਂ ਪਾਰ ਵਾਲੇ, ਕਲਾਤਮਿਕ ਕਿਸਮ ਦੀਆਂ ਪ੍ਰਵਿਰਤੀਆਂ ਨੂੰ ਉਜਾਗਰ ਕਰਨ ਵਾਲੇ, ਰਾਜਨੀਤੀ ਦੇ ਅਖਾੜੇ ਵਿਚ ਤਹਿਲਕਾ ਮਚਾਉਣ ਵਾਲੇ, ਗੁਰਬਾਣੀ ਦੇ ਪ੍ਰਵਚਨਾ ਨੂੰ ਜ਼ਿੰਦਗੀ ਦੇ ਜੀਵਨ ਦਾ ਹਿੱਸਾ ਬਣਾਉਣ ਵਾਲੇ, ਗੀਤਕਾਰੀ ਰਾਹੀਂ ਆਪਣੀ ਬੋਲੀ ਦੀ ਸੇਵਾ ਕਰਨ ਵਾਲੇ ਅਜਿਹੇ ਸ਼ਾਨਦਾਰ ਸੇਬਾਂ ਦਾ ਸਵਾਦ ਚੱਖਣ ਦਾ ਮਾਣ ਸ਼ਾਇਦ ਕਿਰਪਾਲ ਪੰਨੂੰ ਹੀ ਹਾਸਲ ਹੋਇਆ ਹੈ ਜਿਨ੍ਹਾਂ ਦੀ ਕਲਮ ਇਹ ਕਹਿਣ ਤੱਕ ਚਲੀ ਗਈ ਕਿ ਮਾਂ ਬੋਲੀ ਪੰਜਾਬੀ ਦੀ ਅਸਲੀ ਤਾਕਤ ਨੂੰ ਆਧੁਨਿਕ ਸਮਿਆਂ ਵਿਚ ਉਸਾਰਨ ਵਾਲੇ ਕੰਪਿਊਟਰ ਦੇ ਧਨੰਤਰ ਕਿਰਪਾਲ ਪੰਨੂੰ ਸਾਡੇ ਜੀਵਨ ਦੇ ਹਰੇਕ ਪਹਿਲੂ ਉਪਰ ਅਚੇਤ ਜਾਂ ਉਚੇਤ ਰੂਪ ਵਿਚ ਅਜਿਹੀ ਛਾਪ ਛੱਡ ਜਾਂਦੇ ਨੇ ਜਿਹੜੀ ਸਾਡੇ ਜੀਵਨ ਦੀ ਤੋਰ ਨੂੰ ਪ੍ਰਭਾਵਤ ਕਰ ਦਿੰਦੀ ਹੈ। ਇਸੇ ਕਰਕੇ ਤਾਂ ਇਸ ਕਾਫ਼ਲੇ ਬਾਰੇ ਪੰਨੂੰ ਦੀ ਕਲਮ ਆਪ ਆਖਦੀ ਹੈ



ਇਨ੍ਹਾਂ ਦੀ ਉਂਗਲ ਨੂੰ ਫੜ ਕੇ ਬੰਦਾ ਸਿਖਰਾਂ ਛੋਹ ਜਾਵੇ,  
ਜਾ ਖੁਦਾਇਆ, ਇਨ੍ਹਾਂ ਦੇ ਮਨ, ਕਿਹੜਾ ਮੰਤਰ ਪੜ੍ਹਿਆ ਹੈ।  
ਸਤਿਕਾਰ ਤੇਰੇ ਦਾ ਸਾਗਰ ਸਾਰਾ, ਮਨ ਮੇਰੇ ਨੂੰ ਮੱਲ ਬੈਠਾ,  
ਦੁੱਧ ਜਿਵੇਂ ਕਲਿਆਣੀ ਮੱਝ ਦਾ, ਵਿਚ ਕਾੜ੍ਹਨੀ ਕੜ੍ਹਿਆ ਹੈ।

ਧੰਨ ਕਮਾਈ ਤੇਰੀ ਸੱਜਣਾ, ਧੰਨ ਤੇਰੇ ਨੇ ਸੰਗੀ ਸਾਥੀ,  
ਸੌ ਸੌ ਸਿਜਦਾ ਕਲਮ ਤੇਰੀ ਨੂੰ, ਸਰਘੀ ਤਿੱਲੇ ਮੜ੍ਹਿਆ ਹੈ।

Avtar Singh Kamboj

Sales Representative

Sutton®

Direct : 416.319.9830

Sutton Group - Commitment Realty Ltd. BROKERAGE
Independently Owned & Operated

45 Woodbine Downs Blvd., Unit #3
Toronto, Ontario M9W 6N5

Bus: 905-746-9494
Fax: 416-674-1682
E-mail: akamboj@trebnet.com
web: www.suttongroupcommitment.com




# Tri-City

Professional Realty Inc. Brokerage.


## Paul Dosanjh

Sales Representative
Since 1987 on Full Time Basis

Aiming straight with honesty and integrity
Dir : 416-254-7573
Email : pdosanjh2005@yahoo.com
Off. : 905-793-5777






ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਅਤੇ ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਵਲੋਂ ਕੈਨੇਡਾ ਵਿਖੇ ਉਪਰੋਕਤ ਕਿਤਾਬ 'ਤੇ ਵਿਚਾਰ ਚਰਚਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।